Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | Vol 21* Issue 132 | Wednesday, July 06, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਵੀ ਪੜ੍ਹ ਸਕਦੇ ਹੋ

## ਹੁਣ ਸੀਏਐਫ ਮੈਂਬਰ ਵੀ ਰੱਖ ਸਕਣਗੇ ਲੰਮੇਂ ਵਾਲ ਤੇ ਦਾੜ੍ਹੀ



ਓਟਵਾ, 5 ਜੁਲਾਈ (ਪੋਸਟ ਬਿਊਰੋ) : ਕੈਨੇਡੀਅਨ ਆਰਮਡ ਫੋਰਸਿਜ਼ (ਸੀਏਐਫ) ਵੱਲੋਂ ਜਾਰੀ ਕੀਤੇ ਗਏ ਵੇਰਵੇ ਅਨੁਸਾਰ ਉਨ੍ਹਾਂ ਦਾ ਨਵਾਂ ਡਰੈੱਸ ਕੋਡ ਸਤੰਬਰ ਵਿੱਚ ਲਾਗੂ ਹੋ ਜਾਵੇਗਾ। ਸੀਏਐਫ ਨੇ ਦੱਸਿਆ ਕਿ ਇਸ ਨਵੇਂ ਡਰੈੱਸ ਕੋਡ ਤਹਿਤ ਉਨ੍ਹਾਂ ਦੇ ਮੈਂਬਰਾਂ ਨੂੰ ਕਿਹੋ ਜਿਹੇ ਨਿਯਮਾਂ ਦਾ ਪਾਲਣ ਕਰਨਾ ਹੋਵੇਗਾ।

ਇਹ ਨਵੇਂ ਨਿਯਮ ਮੰਗਲਵਾਰ ਸਵੇਰੇ ਜਾਰੀ ਕੀਤੇ ਗਏ। ਇਨ੍ਹਾਂ ਵਿੱਚ ਦੱਸਿਆ ਗਿਆ ਕਿ ਹੁਣ ਲੰਮੇਂ ਨੰਹੁ, ਫੇਸ ਟੈਟੂ ਤੇ ਰੰਗੇ ਹੋਏ ਵਾਲਾਂ ਲਈ ਵੀ ਸੀਏਐਫ ਮੈਂਬਰਾਂ ਨੂੰ ਖੁੱਲ੍ਹ ਹੋਵੇਗੀ। ਸੀਏਐਫ ਵੱਲੋਂ ਜਾਰੀ ਕੀਤੇ ਗਏ ਦਸਤਾਵੇਜ਼ ਅਨੁਸਾਰ ਕੈਨੇਡੀਅਨ ਫੋਰਸਿਜ਼ ਡਰੈੱਸ ਇੰਸਟ੍ਰਕਸ਼ਨ 50 ਸਾਲ ਪੁਰਾਣੀਆਂ ਹਨ ਤੇ ਇਸ ਲਈ ਇਨ੍ਹਾਂ ਦਾ ਮੁਲਾਂਕਣ ਕਰਨ ਤੇ ਇਨ੍ਹਾਂ ਵਿੱਚ ਸੋਧ ਕਰਨ ਦੀ ਲੋੜ ਸੀ। ਕੈਨੇਡੀਅਨ ਆਰਮਡ ਫੋਰਸਿਜ਼ ਦੀ ਦਿੱਖ ਉਸ ਕੈਨੇਡੀਅਨ ਸੁਸਾਇਟੀ ਨਾਲ ਮੇਲ ਨਹੀਂ ਸੀ ਖਾ ਰਹੀ ਜਿਸ ਦੀ ਉਹ ਸੇਵਾ ਕਰਦੀਆਂ ਹਨ।

ਇਹ ਨਵਾਂ ਡਰੈੱਸ ਕੋਡ ਸਤੰਬਰ ਤੋਂ ਪ੍ਰਭਾਵੀ ਹੋਵੇਗਾ। ਇਸ ਤਹਿਤ ਕੀਤੀਆਂ ਜਾਣ ਵਾਲੀਆਂ ਤਬਦੀਲੀਆਂ ਤਹਿਤ ਹੁਣ ਮਹਿਲਾ ਤੇ ਪੁਰਸ਼ ਮੈਂਬਰ ਰਲਵੀਆਂ ਮਿਲਵੀਆਂ ਯੂਨੀਫਰਮਜ਼ ਪਾ ਸਕਣਗੇ। ਹੁਣ ਕੈਟਾਲੌਗ ਨੂੰ ਸਾਰੇ ਮੈਂਬਰਾਂ ਲਈ ਖੋਲ੍ਹ ਦਿੱਤਾ ਗਿਆ ਹੈ। ਨਵੇਂ ਰੰਗਰੂਟਾਂ ਨੂੰ ਟਰੇਨਿੰਗ ਸਮੇਂ ਆਪਣੇ ਸਿਰ ਦੇ ਵਾਲ ਸ਼ੇਵ ਨਹੀਂ ਕਰਨੇ ਹੋਣਗੇ ਤੇ ਕਿਸੇ ਦੀ ਵਾਲਾਂ ਦੀ ਲੰਬਾਈ ਉੱਤੇ ਵੀ ਕੋਈ ਪਾਬੰਦੀ ਨਹੀਂ ਹੋਵੇਗੀ ਬਸ਼ਰਤੇ ਉਹ ਚੰਗੀ ਤਰ੍ਹਾਂ ਬੰਨ੍ਹੇ ਹੋਣ ਤੇ ਮੈਂਬਰ ਦਾ ਮੂੰਹ ਕਵਰ ਨਾ ਕਰਦੇ ਹੋਣ। ਇਸੇ ਤਰ੍ਹਾਂ ਮੂੰਹ ਉੱਤੇ ਰੱਖੀਆਂ ਕਲਮਾਂ, ਦਾੜ੍ਹੀ, ਮੁੱਛਾਂ ਤੇ ਗੋਟੀ ਦੇ ਵਾਲਾਂ ਦੀ ਲੰਬਾਈ ਕੀ ਹੋਵੇਗੀ ਇਸ ਉੱਤੇ ਵੀ ਕੋਈ ਇਤਰਾਜ਼ ਨਹੀਂ ਹੋਵ-ੇਗਾ। ਬੱਸ ਉਨ੍ਹਾਂ ਨੂੰ ਚੰਗੀ ਤਰ੍ਹਾਂ ਸੰਵਾਰ ਕੇ ਰੱਖਣਾ ਹੋਵੇਗਾ।

ਵਾਲਾਂ ਨੂੰ ਰੰਗਣ ਤੇ ਹੱਥਾਂ ਦੇ ਨੰਹੁ ਲੰਬੇ ਕਰਨ ਵਿੱਚ ਵੀ ਕੋਈ ਇਤਰਾਜ਼ ਨਹੀਂ ਹੋਵੇਗਾ, ਬੱਸ ਉਹ ਕੰਮ ਵਿੱਚ ਵਿਘਣ ਨਾ ਪਾਉਣ। ਨਾ ਹੀ ਕਿਸੇ ਨੂੰ ਮੂੰਹ ਉੱਤੇ ਟੈਟੂ ਬਣਾਉਣ ਉੱਤੇ ਹੀ ਕੋਈ ਇਤਰਾਜ਼ ਹੋਵੇਗਾ, ਬੱਸ ਉਹ ਕਿਸੇ ਕਿਸਮ ਦੀਆਂ ਮੁਜਰਮਾਨਾਂ ਗਤੀਵਿਧੀਆਂ ਨਾਲ ਸਬੰਧਤ ਨਹੀਂ ਹੋਣਾ ਚਾਹੀਦਾ ਜਾਂ ਫਿਰ ਕਿਸੇ ਕਿਸਮ ਦਾ ਪੱਖਪਾਤ ਜ਼ਾਹਿਰ ਨਾ ਕਰਦਾ ਹੋਵੇ।

## ਫਿਨਲੈਂਡ ਤੇ ਸਵੀਡਨ ਨੂੰ ਨਾਟੋ ਵਿਚ ਸ਼ਾਮਲ ਕਰਨ ਲਈ ਸਹਿਮਤੀ ਦੇਣ ਵਾਲਾ ਕੈਨੇਡਾ ਬਣਿਆ ਪਹਿਲਾ ਮੁਲਕ



ਓਟਵਾ, 5 ਜੁਲਾਈ (ਪੋਸਟ ਬਿਊਰੋ) : ਨੌਰਥ ਐਟਲਾਂਟਿਕ ਟਰੀਟੀ ਆਰਗੇਨਾਈਜ਼ੇਸ਼ਨ (ਨਾਟੋ) ਵਿੱਚ ਫਿਨਲੈਂਡ ਤੇ ਸਵੀਡਨ ਨੂੰ ਸ਼ਾਮਲ ਕੀਤੇ ਜਾਣ ਦੀ ਪੁਸ਼ਟੀ ਕਰਨ ਵਾਲਾ ਕੈਨੇਡਾ ਪਹਿਲਾ ਦੇਸ਼ ਬਣ ਗਿਆ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਮੰਗਲਵਾਰ ਨੂੰ ਇਸ ਸਬੰਧ ਵਿੱਚ ਐਲਾਨ ਕੀਤਾ ਗਿਆ।

ਪਿਛਲੇ ਹਫਤੇ ਮੈਡਰਿਡ ਵਿੱਚ ਹੋਈ ਨਾਟੋ ਮੁਲਕਾਂ ਦੀ ਸਿਖਰ ਵਾਰਤਾ ਦੌਰਾਨ ਨਾਟੋ ਆਗੂਆਂ ਵੱਲੋਂ ਰਸਮੀ ਤੌਰ ਉੱਤੇ ਦੋਵਾਂ ਦੇਸ਼ਾਂ ਨੂੰ ਇਸ ਗੱਠਜੋੜ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ। ਇਸ ਤੋਂ ਬਾਅਦ ਦੋਵੇਂ ਦੇਸ਼ ਪੂਰੀ ਤਰ੍ਹਾਂ ਨਾਟੋ ਮੈਂਬਰ ਬਣਨ ਦੇ ਇੱਕ ਕਦਮ ਹੋਰ ਨੇੜੇ ਪਹੁੰਚ ਗਏ ਹਨ। ਇੱਕ ਬਿਆਨ ਵਿੱਚ ਟਰੂਡੋ ਨੇ ਆਖਿਆ ਕਿ ਫਿਨਲੈਂਡ ਤੇ ਸਵੀਡਨ ਦੇ ਤੇਜ਼ੀ ਨਾਲ ਇਸ ਗੱਠਜੋੜ ਵਿੱਚ ਘੁਲਣ ਮਿਲਣ ਦਾ ਕੈਨੇਡਾ ਨੂੰ ਪੂਰਾ ਭਰੋਸਾ ਹੈ।

ਟਰੂਡੋ ਨੇ ਆਖਿਆ ਕਿ ਇਸ ਨਾਲ ਨਾਟੋ ਵਰਗਾ ਸੰਗਠਨ ਹੋਰ ਮਜ਼ਬੂਤ ਹੋਵੇਗਾ। ਉਨ੍ਹਾਂ ਆਖਿਆ ਕਿ ਉਨ੍ਹਾਂ ਵੱਲੋਂ ਸਾਰੇ ਨਾਟੋ ਮੈਂਬਰਾਂ ਨੂੰ ਸੱਦਾ ਦਿੱਤਾ ਜਾਂਦਾ ਹੈ ਕਿ ਉਹ ਦੋਵਾਂ ਮੁਲਕਾਂ ਨੂੰ ਗੱਠਜੋੜ ਵਿੱਚ ਸ਼ਾਮਲ ਕਰਨ ਲਈ ਪੁਸ਼ਟੀ ਕਰਨ ਦੀ ਇਸ ਪ੍ਰਕਿਰਿਆ ਨੂੰ ਜਲਦ ਤੋਂ ਜਲਦ ਪੂਰਾ ਕਰਨ ਤਾਂ ਕਿ ਕਿਸੇ ਦੀ ਦਖ਼ਲਅੰਦਾਜ਼ੀ ਕਾਰਨ ਇਸ ਵਿੱਚ ਵਿਘਣ ਨਾ ਪੈ ਸਕੇ।

ਜ਼ਿਕਰਯੋਗ ਹੈ ਕਿ ਮੰਗਲਵਾਰ ਨੂੰ ਸਾਰੇ 30 ਨਾਟੋ ਭਾਈਵਾਲਾਂ ਵੱਲੋਂ ਸਹਿਮਤੀ ਸਬੰਧੀ ਪ੍ਰੋਟੋਕਾਲਜ਼ ਉੱਤੇ ਦਸਤਖ਼ਤ ਕੀਤੇ ਗਏ। ਇਸ ਤੋਂ ਬਾਅਦ ਹੁਣ ਮੈਂਬਰਸ਼ਿਪ ਬਿੱਡ ਨੂੰ ਵਿਧਾਨਕ ਮਨਜ਼ੂਰੀ ਲਈ ਹੋਰ ਮੁਲਕਾਂ ਨੂੰ ਭੇਜਿਆ ਗਿਆ ਹੈ। ਕੈਨੇਡਾ ਤੇ ਡੈਨਮਾਰਕ ਹੀ ਅਜਿਹੇ ਮੁਲਕ ਹਨ ਜਿਨ੍ਹਾਂ ਨੇ ਸਹਿਮਤੀ ਦੇ ਕੇ ਇਹ ਦਸਤਾਵੇਜ਼ ਵਾਪਿਸ ਵੀ ਘੱਲ ਦਿੱਤੇ ਹਨ।

## ਬਰੈਂਪਟਨ ਵਿੱਚ ਟਰਾਂਜ਼ਿਟ ਨੂੰ ਬਿਹਤਰ ਬਣਾਉਣ ਲਈ ਐਮਪੀ ਸਹੋਤਾ ਵੱਲੋਂ ਹੋਰ ਨਿਵੇਸ਼ ਕਰਨ ਦਾ ਐਲਾਨ



ਬਰੈਂਪਟਨ, 5 ਜੁਲਾਈ (ਪੋਸਟ ਬਿਊਰੋ) : ਬਰੈਂਪਟਨ ਨੌਰਥ ਤੋਂ ਮੈਂਬਰ ਪਾਰਲੀਆਮੈਂਟ ਰੂਬੀ ਸਹੋਤਾ ਨੇ ਆਖਿਆ ਕਿ ਅੱਜ ਕੈਨੇਡੀਅਨਜ਼ ਨੂੰ ਕਲਾਈਮੇਟ ਚੇਂਜ ਤੇ ਹਵਾ ਵਿੱਚ ਜ਼ਹਿਰ ਘੋਲ ਰਹੇ ਪ੍ਰਦੂਸ਼ਣ ਦਾ ਸਾਹ-ਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਆਖਿਆ ਕਿ ਪ੍ਰਦੂਸ਼ਣ ਨੂੰ ਘਟਾਉਣ ਤੇ ਹਰ ਪੱਖੋਂ ਮਜ਼ਬੂਤ ਲੋਕਲ ਇਨਫਰਾਸਟ੍ਰਕਚਰ ਵਿੱਚ ਨਿਵੇਸ਼ ਕਰਕੇ ਅਸੀਂ ਮਜ਼ਬੂਤ ਤੇ ਸਿਹਤਮੰਦ ਕਮਿਊਨਿਟੀਜ਼ ਦਾ ਨਿਰਮਾਣ ਕਰ ਰਹੇ ਹਾਂ।

ਕੁਦਰਤੀ ਵਸੀਲਿਆਂ ਬਾਰੇ ਮੰਤਰੀ ਜੌਨਾਥਨ ਵਿਲਕਿੰਸਨ ਤੇ ਫੈਡਰੇਸ਼ਨ ਆਫ ਕੈਨੇਡੀਅਨ ਮਿਊਂਸਪੈਲਿਟੀਜ਼ ਦੇ ਪ੍ਰੈਜ਼ੀਡੈਂਟ ਤਨੀਨ ਰੁਡਿਕ ਦੇ ਪੱਖ ਉੱਤੇ ਬਰੈਂਪਟਨ ਵਿੱਚ ਅੱਜ ਐਮਪੀ ਸਹੋਤਾ ਨੇ ਐਲਾਨ ਕੀਤਾ ਕਿ ਪ੍ਰਦੂਸ਼ਣ ਘਟਾਉਣ ਲਈ ਤੇ ਟਰਾਂਜ਼ਿਸ਼ਨ ਨੂੰ ਬਿਹਤਰ ਬਣਾਉਣ ਲਈ ਐਫਸੀਐਮ ਦੇ ਗ੍ਰੀਨ ਮਿਊਂਸਪਲ ਫੰਡ (ਜੀਐਮਐਫ) ਰਾਹੀਂ 253,000 ਡਾਲਰ ਨਿਵੇਸ਼ ਕੀਤੇ ਜਾ ਰਹੇ ਹਨ।

ਐਮਪੀ ਸਹੋਤਾ ਨੇ ਆਖਿਆ ਕਿ 2015 ਵਿੱਚ ਉਨ੍ਹਾਂ ਦੀ ਚੋਣ ਤੋਂ ਬਾਅਦ ਉਨ੍ਹਾਂ ਵੇਖਿਆ ਕਿ ਕੈਨੇਡੀਅਨ ਅਰਬਨ ਰਿਸਰਚ ਐਂਡ ਇਨੋਵੇਸ਼ਨ ਕ ੌ ਂ ਸ ੌ ਰ ਟ ੀ ਅ ਮ (ਸੀਯੂਟੀਆਰਆਈਸੀ) ਵੱਲੋਂ ਟਰਾਂਜ਼ਿਟ ਨਾਲ ਜੁੜੇ ਪ੍ਰਦੂਸ਼ਣ ਨੂੰ ਘਟਾਉਣ ਲਈ ਕਿੰਨੀ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਇਹ ਫੰਡ ਤਾਂ ਅਜੇ ਸ਼ੁਰੂਆਤ ਹਨ, ਆਉਣ ਵਾਲੇ ਸਮੇਂ ਵਿੱਚ ਇਸ ਤਰ੍ਹਾਂ ਦੇ ਹੋਰ ਫੰਡ ਸਾਨੂੰ ਹਾਸਲ ਹੋਣਗੇ। ਸੀਯੂਟੀਆਰਆਈਸੀ ਨਾਲ ਭਾਈਵਾਲੀ ਵਿੱਚ ਅਸੀਂ ਆਪਣੇ ਭਵਿੱਖ ਨੂੰ ਸੰਵਾਰਾਂਗੇ, ਪ੍ਰਦੂਸ਼ਣ ਘਟਾਂਵਾਂਗੇ ਤੇ ਕਲੀਨ ਟਰਾਂਸਪੋਰਟੇਸ਼ਨ ਇਨਫਰਾਸਟ੍ਰਕਚਰ ਵਿੱਚ ਨਿਵੇਸ਼ ਕਰਾਂਗੇ। ਇਸ ਨਾਲ ਅਸੀਂ ਪ੍ਰਦੂਸ਼ਣ ਨੂੰ ਮੁਕੰਮਲ ਤੌਰ ਉੱਤੇ ਖ਼ਤਮ ਕਰਨ ਦੇ ਆਪਣੇ ਟੀਚੇ ਵੱਲ ਵੀ ਵਧਾਂਗੇ।

ਜ਼ਿਕਰਯੋਗ ਹੈ ਕਿ ਸੀਯੂਟੀਆਰਆਈਸੀ ਨੂੰ ਗ੍ਰੀਨਹਾਊਸ ਗੈਸਾਂ ਦੇ ਰਿਸਾਅ ਨੂੰ ਘੱਟ ਕਰਨ ਲਈ ਤੇ ਭਵਿੱਖ ਵਿੱਚ ਪਬਲਿਕ ਟਰਾਂਜ਼ਿਟ ਦੀ ਮੰਗ ਨੂੰ ਵੇਖਦਿਆਂ ਹੋਇਆਂ ਸਿਟੀ ਆਫ ਬਰੈਂਪਟਨ ਦੀ ਮਦਦ ਲਈ 175,000 ਡਾਲਰ ਹਾਸਲ ਹੋਏ ਹਨ।

## ਓਨਟਾਰੀਓ ਵਿੱਚ ਇੱਕ ਵਾਰੀ ਫਿਰ ਪੈਰ ਪਸਾਰਨ ਲੱਗਿਆ ਕੋਵਿਡ-19



ਓਨਟਾਰੀਓ, 5 ਜੁਲਾਈ (ਪੋਸਟ ਬਿਊਰੋ) : ਓਨਟਾਰੀਓ ਵਿੱਚ ਗਰਮੀਆਂ ਦੇ ਮੌਸਮ ਵਿੱਚ ਇੱਕ ਵਾਰੀ ਫਿਰ ਕੋਵਿਡ-19 ਦੀ ਵੇਵ ਸਿਰ ਚੁੱਕ ਰਹੀ ਹੈ। ਇਸ ਦਾ ਖੁਲਾਸਾ ਹਸਪਤਾਲ ਵਿੱਚ ਭਰਤੀ ਹੋਣ ਵਾਲੇ ਲੋਕਾਂ ਦੀ ਗਿਣਤੀ ਤੇ ਵੇਸਟਵਾਟਰ ਡਾਟੇ ਤੋਂ ਚੱਲਿਆ ਹੈ। ਇਹ ਖੁਲਾਸਾ ਇਨਫੈਕਸ਼ੀਅਸ ਡਜ਼ੀਜ਼ ਮਾਹਿਰਾਂ ਵੱਲੋਂ ਕੀਤਾ ਗਿਆ।

ਟੋਰਾਂਟੋ ਦੇ ਇਨਫੈਕਸ਼ੀਅਸ ਡਜ਼ੀਜ਼ ਮਾਹਿਰ ਡਾ. ਇਸਾਕ ਬੋਗੋਚ ਨੇ ਆਖਿਆ ਕਿ ਇੱਕ ਵਾਰੀ ਫਿਰ ਕੋਵਿਡ-19 ਲਹਿਰ ਸਾਡੇ ਦਸਤਕ ਦੇ ਚੁੱਕੀ ਹੈ। ਅਜੇ ਇਹ ਨਹੀਂ ਆਖਿਆ ਜਾ ਸਕਦਾ ਕਿ ਇਹ ਕਿੰਨੀ ਵੱਡੀ ਹੈ ਪਰ ਇਹ ਹੈ ਜ਼ਰੂਰ। ਬੋਗੋਚ ਨੇ ਆਖਿਆ ਕਿ ਕੋਵਿਡ-19 ਸਬੰਧੀ ਵੇਸਟਵਾਟਰ ਡਾਟਾ ਹੀ ਇਹ ਅੰਦਾਜ਼ਾ ਲਾਏ ਜਾਣ ਦਾ ਮੁੱਖ ਇੰਡੀਕੇਟਰ ਹੈ। ਜੂਨ ਭਰ ਵਿੱਚ ਇਹ ਡਾਟਾ ਨਕਾਰਾਤਮਕ ਤੌਰ ਉੱਤੇ ਉੱਪਰ ਵੱਲ ਵੱਧਦਾ ਰਿਹਾ।

ਉਨ੍ਹਾਂ ਆਖਿਆ ਕਿ ਇਸ ਤੋਂ ਇਲਾਵਾ ਕੋਵਿਡ-19 ਪਾਜ਼ੀਟਿਵ ਆਉਣ ਵਾਲਿਆਂ ਦੀ ਗਿਣਤੀ ਵਿੱਚ ਵਾਧੇ ਦਾ ਪਤਾ ਪਿਛਲੇ ਸੱਤ ਦਿਨਾਂ ਵਿੱਚ ਪੀਸੀਆਰ ਟੈਸਟਿੰਗ ਦੇ ਆਏ ਨਤੀਜਿਆਂ ਤੋਂ ਵੀ ਲਾਇਆ ਜਾ ਸਕਦਾ ਹੈ। ਹਫਤਾ ਦਰ ਹਫਤਾ ਕੀਤੀ ਗਈ ਇਸ ਟੈਸਟਿੰਗ ਦੇ ਨਤੀਜਿਆਂ ਵਿੱਚ 34 ਫੀ ਸਦੀ ਵਾਧਾ ਦਰਜ ਕੀਤਾ ਗਿਆ ਹੈ। ਬੋਗੋਚ ਨੇ ਆਖਿਆ ਕਿ ਭਾਵੇਂ ਅਸੀਂ ਵੱਡੀ ਪੱਧਰ ਉੱਤੇ ਟੈਸਟ ਨਹੀਂ ਕਰ ਰਹੇ ਪਰ ਅਸੀਂ ਲਗਾਤਾਰ ਟੈਸਟ ਜ਼ਰੂਰ ਕਰ ਰਹੇ ਹਾਂ। ਸਰਕਾਰ ਕੋਲੋਂ ਹਾਸਲ ਹੋਏ ਡਾਟਾ ਤੋਂ ਸਾਹਮਣੇ ਆਇਆ ਹੈ ਕਿ ਇੱਕ ਹਫਤੇ ਪਹਿਲਾਂ ਨਾਲੋਂ ਇਸ ਹਫਤੇ ਓਨਟਾਰੀਓ ਦੇ ਹਸਪਤਾਲਾਂ ਵਿੱਚ ਦਾਖਲ ਹੋਏ ਤੇ ਕੋਵਿਡ ਪਾਜ਼ੀਟਿਵ ਪਾਏ ਗਏ ਮਰੀਜ਼ਾਂ ਦੀ ਗਿਣਤੀ 585 ਸੀ। ਇਸ ਲਈ ਓਮਾਈਕ੍ਰੌਨ ਦੇ ਹੀ ਰੂਪ ਬੀਏ.5 ਨੂੰ ਜ਼ਿੰਮੇਵਾਰ ਦੱਸਿਆ ਜਾ ਰਿਹਾ ਹੈ।

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

INSURANCE
Home · Auto
Business · Trucking
Life Insurance · Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2244 Tel: 905-913-2255
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration · Real Estate
Family Law · Business Closing
Corporate · Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL Insurance Advisor
416-724-5000

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types · Walkie pallet Low Lift · Electric Motor Narrow Aisle Reach · Cherry Order Picker
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law · Business Law
- Wills & Estates · Family Law
- Power of Attorney · Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213


OURR
HOME & APPLIANCES
Exclusive Deal
ON THIS CANADA DAY
$4799
PLUS TAX
GRAB A FREE GIFT WITH THIS PACKAGE
Unit #1, 241 Clarence, St Brampton, On L6W 3E7, (416) 551 3343
44 Fasken Dr. # 2-9 Etobicoke, On M9W 5M8, (416) 792-0877
Unit #6 410 Lewis Road, Stoney Creek, On L8E 5Y7, (905) 643-0818
Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM
(416) 792-0877
(416) 551 3343


EXCLUSIVE OFFER!
GET A $15
IN-STORE CREDIT
*WITH NEW ACTIVATION ON A $25/MO
DATA, TALK, & TEXT PLAN OR HIGHER
1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379
chatr™
AUTHORIZED DEALER
See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

## ਅੱਜ ਨਾਮਾ

ਬਰਗਾੜੀ ਕਾਂਡ ਦੀ ਛਿੜੀ ਪਈ ਫੇਰ ਚਰਚਾ,
ਲੱਗ ਰਿਹਾ ਕਿਸੇ ਵੀ ਕੰਢੇ ਨਹੀਂ ਕੇਸ ਬੇਲੀ।
ਵਿਰੋਧ ਦੀ ਧਿਰ ਪਈ ਨਿੱਤ ਬਿਆਨ ਛੱਡਦੀ,
ਅਕਾਲੀ-ਕਾਂਗਰਸ ਦੀ ਲੱਗੀ ਆ ਰੇਸ ਬੇਲੀ।
ਘੜੀ ਸਰਕਾਰ ਲਈ ਪਰਖ ਦੀ ਬਹੁਤ ਵੱਡੀ,
ਨਿਆਂ ਪਿਆ ਮੰਗਦਾਉਹਦਾ ਵੀ ਬੇਸ ਬੇਲੀ।
ਸਾਰੀਆਂ ਧਿਰਾਂ ਦੇ ਫਿਕਰ ਵਿੱਚ ਪਏ ਲੀਡਰ,
ਧੁਆਂਖਿਆ ਜਾਵੇ ਨਹੀਂ ਕਿਸੇ ਦਾ ਫੇਸ ਬੇਲੀ।
ਚਰਚਾ ਭੜਕਦੀ, ਹੁੰਦੀ ਫਿਰ ਗਰਮ ਲੱਗਦੀ,
ਫਿਰ ਉਹ ਹੋ ਜਾਂਦੀ ਕੁਝ-ਕੁਝ ਨਰਮ ਬੇਲੀ।
ਹੋਣਾ ਇਨਸਾਫ ਜਾਂ ਬੀਤ ਜਾਊ ਵਕਤ ਏਦਾਂ,
ਕਦ ਤੱਕ ਰਹੇਗਾ ਆਖਰ ਇਹ ਭਰਮ ਬੇਲੀ।

ਤੀਸ ਮਾਰ ਖਾਂ

# ਬੈਂਕ ਆਫ ਕੈਨੇਡਾ ਵੱਲੋਂ ਤੇਜ਼ੀ ਨਾਲ ਵਧਾਈਆਂ ਜਾ ਰਹੀਆਂ ਵਿਆਜ਼ ਦਰਾਂ ਕਾਰਨ ਆ ਸਕਦਾ ਹੈ ਮੰਦਵਾੜਾ : ਰਿਪੋਰਟ

ਓਟਵਾ, 5 ਜੁਲਾਈ (ਪੋਸਟ ਬਿਊਰੋ) : ਕੈਨੇਡੀਅਨ ਸੈਂਟਰ ਫੌਰ ਪਾਲਿਸੀ ਆਲਟਰਨੇਟਿਵਜ਼ (ਸੀਸੀਪੀਏ) ਵੱਲੋਂ ਜਾਰੀ ਕੀਤੇ ਗਏ ਨਵੇਂ ਅਧਿਐਨ ਵਿੱਚ ਆਖਿਆ ਗਿਆ ਕਿ ਬੈਂਕ ਆਫ ਕੈਨੇਡਾ ਵੱਲੋਂ ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਤੇਜ਼ੀ ਨਾਲ ਵਧਾਈਆਂ ਜਾ ਰਹੀਆਂ ਵਿਆਜ਼ ਦਰਾਂ ਕਾਰਨ ਮੰਦਵਾੜਾ ਵੀ ਆ ਸਕਦਾ ਹੈ।



ਅਧਿਐਨ ਵਿੱਚ ਆਖਿਆ ਗਿਆ ਕਿ ਪਿਛਲੇ 60 ਸਾਲਾਂ ਵਿੱਚ ਸੈਂਟਰਲ ਬੈਂਕ ਵੱਲੋਂ ਤੇਜ਼ੀ ਨਾਲ ਵਿਆਜ਼ ਦਰਾਂ ਵਿੱਚ ਵਾਧਾ ਕਰਕੇ ਤਿੰਨ ਵਾਰੀ ਮਹਿੰਗਾਈ ਦਰ ਵਿੱਚ 5.7 ਫੀ ਸਦੀ ਕਟੌਤੀ ਤਾਂ ਕਰ ਲਈ ਗਈ ਪਰ ਹਰ ਵਾਰੀ ਮੰਦਵਾੜੇ ਦਾ ਸਾਹਮਣਾ ਵੀ ਕਰਨਾ ਪਿਆ। ਰਿਸਰਚ ਇੰਸਟੀਚਿਊਟ ਨੇ ਆਖਿਆ ਕਿ ਜੇ ਸੈਂਟਰਲ ਬੈਂਕ ਤੇਜ਼ੀ ਨਾਲ ਵਿਆਜ਼ ਦਰਾਂ ਵਿੱਚ ਵਾਧਾ ਕਰਕੇ ਮਹਿੰਗਾਈ ਨੂੰ 7.7 ਫੀ ਸਦੀ ਤੋਂ ਦੋ ਫੀ ਸਦੀ ਘਟਾਉਣ ਦੇ ਆਪਣੇ ਟੀਚੇ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ ਤਾਂ ਇਸ ਨਾਲ ਵੱਡਾ ਨੁਕਸਾਨ ਹੋ ਸਕਦਾ ਹੈ ਤੇ 85000 ਨੌਕਰੀਆਂ ਵੀ ਖੁੱਸ ਸਕਦੀਆਂ ਹਨ। ਇਸ ਦੌਰਾਨ ਇਹ ਮੰਗ ਵੀ ਕੀਤੀ ਗਈ ਕਿ ਮਹਿੰਗਾਈ ਨੂੰ ਘਟਾਉਣ ਤੇ ਇਸ ਰਿਸਕ ਤੋਂ ਬਚਣ ਲਈ ਨਵੀਂ ਪਾਲਿਸੀ ਲਿਆਂਦੀ ਜਾਵੇ।

ਬੀਐਮਓ ਕੈਪੀਟਲ ਮਾਰਕਿਟਸ ਵਿਖੇ ਸੀਨੀਅਰ ਇਕਨੌਮਿਸਟ ਜੈਨੀਫਰ ਲੀ, ਜਿਨ੍ਹਾਂ ਨੂੰ ਉਮੀਦ ਹੈ ਕਿ ਇਸ ਮਹੀਨੇ ਬੈਂਕ ਆਫ ਕੈਨੇਡਾ ਵੱਲੋਂ ਆਪਣੀਆਂ ਵਿਆਜ਼ ਦਰਾਂ ਵਿੱਚ 0.75 ਫੀ ਸਦੀ ਅੰਕਾਂ ਦਾ ਹੋਰ ਵਾਧਾ ਕੀਤਾ ਜਾ ਸਕਦਾ ਹੈ, ਨੇ ਆਖਿਆ ਕਿ ਬੈਂਕ ਵੱਲੋਂ ਇਸ ਤਰ੍ਹਾਂ ਤੇਜ਼ੀ ਨਾਲ ਵਧਾਈਆਂ ਜਾ ਰਹੀਆਂ ਵਿਆਜ਼ ਦਰਾਂ ਨਾਲ ਆਰਥਿਕ ਵਿਕਾਸ ਯਕੀਨਨ ਮੱਠਾ ਪਵੇਗਾ।

ਮੈਕੁਏਰੀ ਗਰੁੱਪ ਦੇ ਇਕਨੌਮਿਕਸ ਮਾਹਿਰ ਡੇਵਿਡ ਡੌਇਲ ਨੇ ਵੀ ਆਖਿਆ ਕਿ ਇਸ ਮਹੀਨੇ ਬੈਂਕ 0.75 ਫੀ ਸਦੀ ਅੰਕਾਂ ਨਾਲ ਵਿਆਜ਼ ਦਰਾਂ ਵਿੱਚ ਵਾਧਾ ਕਰ ਸਕਦਾ ਹੈ ਤੇ ਇਸ ਨਾਲ 2023 ਵਿੱਚ ਕੈਨੇਡਾ ਤੇ ਅਮਰੀਕਾ ਵਿੱਚ ਮੰਦਵਾੜਾ ਆ ਸਕਦਾ ਹੈ।

ਇਹ ਵੀ ਵੇਖਣ ਵਿੱਚ ਆਇਆ ਹੈ ਕਿ ਕੈਨੇਡਾ ਵਿੱਚ ਆਰਥਿਕ ਵਿਕਾਸ ਦੀ ਰਫਤਾਰ ਮੱਠੀ ਪੈ ਗਈ ਹੈ ਤੇ ਤਕਨਾਲੋਜੀ ਵਰਗੇ ਕੁੱਝ ਖੇਤਰਾਂ ਵਿੱਚ ਰੋਜ਼ਗਾਰ ਵੀ ਖੁੱਸਣ ਲੱਗਿਆ ਹੈ। ਪਿਛਲੇ ਹਫਤੇ ਸਟੈਟੇਸਟਿਕਸ ਕੈਨੇਡਾ ਨੇ ਵੀ ਇਹ ਆਖਿਆ ਸੀ ਕਿ ਮਈ ਦੇ ਮਹੀਨੇ ਸਰੋਤਾਂ ਦੀ ਘਾਟ ਕਾਰਨ, ਉਤਪਾਦਨ ਤੇ ਕੰਸਟ੍ਰਕਸ਼ਨ ਦੇ ਖੇਤਰ ਵਿੱਚ ਆਈ ਕਮਜ਼ੋਰੀ ਕਰਕੇ ਕੁੱਲ ਘਰੇਲੂ ਉਤਪਾਦ ਵੀ 0.2 ਫੀ ਸਦੀ ਸੁੰਗੜਿਆ।

# ਪੰਜਾਬ ਸਰਕਾਰ ਨੇ ਚੀਫ ਸੈਕਟਰੀ ਅਨਿਰੁੱਧ ਤਿਵਾੜੀ ਹਟਾਇਆ, ਵੀ ਕੇ ਜੰਜੂਆ ਨੂੰ ਬਣਾਇਆ

*** ਸੀਨੀਅਰ ਪੱਤਰਕਾਰ ਬਲਤੇਜ ਪੰਨੂ ਮੀਡੀਆ ਡਾਇਰੈਕਟਰ ਬਣੇ**

ਚੰਡੀਗੜ੍ਹ, 5 ਜੁਲਾਈ, (ਪੋਸਟ ਬਿਊਰੋ)- ਪੰਜਾਬ ਪੁਲਿਸ ਦੇ ਮੁਖੀ (ਡੀ ਜੀ ਪੀ) ਵੀਕੇ ਭਾਵੜਾ ਨੂੰ ਦੋ ਮਹੀਨੇ ਦੀ ਛੁੱਟੀ ਭੇਜ ਕੇ ਗੌਰਵ ਯਾਦਵ ਨੂੰ ਕਾਰਜਕਾਰੀ ਡੀਜੀਪੀ ਬਣਾਉਣ ਪਿੱਛੋਂ ਅੱਜ ਮੰਗਲਵਾਰ ਪੰਜਾਬ ਸਰਕਾਰ ਨੇ ਚੀਫਸੈਕਟਰੀ ਅਨਿਰੁੱਧ ਤਿਵਾੜੀ ਦੀ ਛੁੱਟੀ ਕਰ ਦਿੱਤੀ ਤੇ ਦੇਰ ਸ਼ਾਮ ਹੁਕਮ ਜਾਰੀ ਕਰਕੇ 1989 ਬੈਚ ਦੇ ਆਈਏਐੱਸ ਅਫਸਰ ਵੀਕੇ ਜੰਜੂਆ ਨੂੰ ਚੀਫਸੈਕਟਰੀਬਣਾਦਿੱਤਾ ਹੈ। ਤਿਵਾੜੀ ਨੂੰ ਡਾਇਰੈਕਟਰ ਜਨਰਲ ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ ਪੰਜਾਬ ਪਬਲਿਕ ਐਡਮਨਿਸਟ੍ਰੇਸ਼ਨ ਲਾਇਆ ਗਿਆ ਹੈ।ਆਮ ਤੌਰ ਉੱਤੇ ਜਦੋਂ ਚੀਫਸੈਕਟਰੀ ਨੂੰ ਹਟਾਇਆ ਜਾਵੇਤਾਂ ਉਸਨੂੰ ਏਸੇ ਸੰਸਥਾ ਵਿੱਚ ਤਾਇਨਾਤ ਕੀਤਾ ਜਾਂਦਾ ਹੈ।



ਵਰਣਣ ਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੇ ਬਾਅਦ ਚਰਨਜੀਤ ਸਿੰਘ ਚੰਨੀ ਦੇ ਮੁੱਖ ਮੰਤਰੀ ਬਣਨ ਉੱਤੇ ਅਨਿਰੁੱਧ ਤਿਵਾੜੀ ਨੂੰ ਪੰਜਾਬ ਦਾ ਚੀਫਸੈਕਟਰੀ ਲਾਇਆ ਗਿਆ ਸੀ।ਜਾਣਕਾਰ ਦੱਸਦੇ ਹਨ ਕਿ ਸੰਗਰੂਰ ਦੀ ਲੋਕ ਸਭਾ ਚੋਣ ਹਾਰਨ ਨਾਲ ਦਬਾਅ ਹੇਠ ਆਈ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਅਗਲੇ ਦਿਨਾਂ ਵਿਚ ਵੱਡੇ ਪੱਧਰ ਉੱਤੇ ਪ੍ਰਸ਼ਾਸਨਿਕ ਅਧਿਕਾਰੀਆਂ ਦਾ ਫੇਰਬਦਲ ਕਰਨ ਬਾਰੇ ਸੋਚ ਰਹੀ ਹੈ। ਅੱਜਇੱਕ ਹੁਕਮ ਵਿੱਚ ਸਰਕਾਰ ਨੇ ਤਿੰਨ ਆਈਏਐੱਸ ਅਫਸਰਾਂ ਦਾ ਤਬਾਦਲਾ ਕੀਤਾ ਅਤੇ ਕੇਏਪੀ ਸਿਨਹਾ ਨੂੰ ਐਡੀਸ਼ਨਲ ਚੀਫਸੈਕਟਰੀ ਫੂਡ ਪ੍ਰੋਸੈਸਿੰਗ ਦੇ ਨਾਲ ਜੇਲ੍ਹਾਂ ਅਤੇ ਚੋਣਾਂ ਦਾ ਚਾਰਜ ਦਿੱਤਾ ਹੈ। ਅਜੋਏ ਸ਼ਰਮਾ ਨੂੰ ਸੈਕਟਰੀ ਸਿਹਤ ਤੇ ਪਰਿਵਾਰ ਭਲਾਈ ਤੇ ਵਿੱਤ ਕਮਿਸ਼ਨਰ ਦਾ ਚਾਰਜ ਦਿੱਤਾ ਹੈ। ਕੁਮਾਰ ਰਾਹੁਲ ਨੂੰ ਸੈਕਟਰੀ ਰੁਜ਼ਗਾਰ ਜਨਰੇਸ਼ਨ ਤੇ ਆਮ ਰਾਜ ਪ੍ਰਬੰਧ ਦਾ ਚਾਰਜ ਦਿੱਤਾ ਗਿਆ ਹੈ।

ਅੱਜ ਹੀ ਲੰਮਾ ਸਮਾਂ ਕੌਮੀ ਤੇ ਕੌਮਾਂਤਰੀ ਪੱਧਰ ਉੱਤੇ ਪੱਤਰਕਾਰੀ ਤਜਰਬੇ ਵਾਲੇ ਜਰਨਲਿਸਟ ਬਲਤੇਜ ਪੰਨੂ ਨੂੰ ਮੁੱਖ ਮੰਤਰੀ ਪੰਜਾਬ ਦਫ਼ਤਰ ਵਿੱਚ ਡਾਇਰੈਕਟਰ (ਮੀਡੀਆ ਰਿਲੇਸ਼ਨਜ਼) ਬਣਾਇਆ ਗਿਆ ਹੈ। ਬਲਤੇਜ ਪੰਨੂ ਨੇ ਅੱਜ ਰਸਮੀ ਰੂਪ ਵਿੱਚ ਅਹੁਦਾ ਸੰਭਾਲ ਲਿਆ ਹੈ। ਉਹ ਨੈਸ਼ਨਲ ਤੇ ਇੰਟਰਨੈਸ਼ਨਲ ਮੀਡੀਆ ਰਿਲੇਸ਼ਨਜ਼ ਦੇਖਣਗੇ। ਬਲਤੇਜ ਪੰਨੂ ਕਾਫ਼ੀ ਸੀਨੀਅਰ ਜਰਨਲਿਸਟ ਦੇ ਨਾਲ ਸੋਸ਼ਲ ਐਕਟਿਵਿਸਟ ਹਨ ਤੇ ਬਹੁਤ ਸਾਰ ਉੱਘੜਵੇਂ ਰਾਜਸੀ ਤੇ ਸਮਾਜਿਕ ਮੁੱਦਿਆਂ ਵਾਸਤੇਮਾਹਰ ਵਜੋਂ ਨਿੱਜੀ ਰੂਪ ਵਿੱਚ ਸਰਗਰਮ ਰਹੇ ਹਨ।

# ਪਿੱਕ ਅੱਪ ਟਰੱਕ ਵੱਲੋਂ ਮਾਰੀ ਟੱਕਰ ਕਾਰਨ 4 ਸਾਲਾ ਬੱਚਾ ਜ਼ਖ਼ਮੀ

ਹੈਮਿਲਟਨ, 5 ਜੁਲਾਈ (ਪੋਸਟ ਬਿਊਰੋ) : ਸੋਮਵਾਰ ਨੂੰ ਹੈਮਿਲਟਨ ਵਿੱਚ ਪਿੱਕਅੱਪ ਟਰੱਕ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਚਾਰ ਸਾਲਾ ਲੜਕਾ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ।



ਇਹ ਹਾਦਸਾ ਬਾਰਟਨ ਸਟਰੀਟ ਦੇ ਉੱਤਰ ਵੱਲ ਸ਼ਾਮੀਂ 5:30 ਵਜੇ ਸ਼ਰਮਨ ਐਵਨਿਊ ਤੇ ਕਲਿੰਟਨ ਸਟਰੀਟ ਦੇ ਲਾਂਘੇ ਉੱਤੇ ਵਾਪਰਿਆ। ਪੁਲਿਸ ਨੇ ਦੱਸਿਆ ਕਿ ਟਰੱਕ ਸ਼ਰਮਨ ਉੱਤੇ ਉੱਤਰ ਵੱਲ ਜਾ ਰਿਹਾ ਸੀ ਕਿ ਕਲਿੰਟਨ ਉੱਤੇ ਸੱਜੇ ਪਾਸੇ ਮੁੜਿਆ ਤੇ ਉਸੇ ਵੇਲੇ ਇਸ ਚਾਰ ਸਾਲਾ ਬੱਚੇ ਨੇ ਸਾਈਡਵਾਕ ਤੋਂ ਹੇਠਾਂ ਛਾਲ ਮਾਰ ਦਿੱਤੀ। ਬੱਚੇ ਨੂੰ ਗੰਭੀਰ ਸੱਟਾਂ ਲੱਗੀਆਂ ਹਨ ਤੇ ਉਸ ਨੂੰ ਲੋਕਲ ਹਸਪਤਾਲ ਲਿਜਾਇਆ ਗਿਆ। ਇਸ ਸਮੇਂ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ।

ਪੁਲਿਸ ਨੇ ਦੱਸਿਆ ਕਿ ਨਸ਼ਾ ਕਰਕੇ ਗੱਡੀ ਚਲਾਉਣ ਕਾਰਨ ਹਾਦਸਾ ਹੋਣ ਦੇ ਖਦਸ਼ੇ ਨੂੰ ਦਰਕਿਨਾਰ ਕਰ ਦਿੱਤਾ ਗਿਆ ਹੈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਮੁੱਖ ਮੰਤਰੀ ਮਾਨ ਵੱਲੋਂ ਐਲਾਨ: ਬੇਅਦਬੀ ਦੇ ਦੋਸ਼ੀਆਂ ਨੂੰ ਜੇਲ੍ਹ ਦੀਆਂ ਸੀਖਾਂ ਪਿੱਛੇ ਪੁਚਾਉਣ ਤੱਕ ਟਿਕ ਕੇ ਨਹੀਂ ਬੈਠਾਂਗਾ

ਚੰਡੀਗੜ੍ਹ, 5 ਜੁਲਾਈ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਇਹਪ੍ਰਣ ਲਿਆ ਹੈ ਕਿ ਉਹ ਬੇਅਦਬੀ ਦੇ ਦੋਸ਼ੀਆਂ ਨੂੰ ਜੇਲ੍ਹ ਦੀਆਂ ਸੀਖਾਂ ਪਿੱਛੇ ਪੁਚਾਉਣ ਤੱਕ ਸ਼ਾਂਤ ਨਹੀਂ ਬੈਠਣਗੇ।

ਅੱਜ ਏਥੇ ਇੱਕ ਨਿਊਜ਼ ਚੈਨਲ ਦੇ ਸਮਾਗਮ ਵਿਚਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ, "ਪੰਜਾਬ ਦੀ ਪਾਵਨ ਧਰਤੀ ਉੱਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਸਾਡੇ ਸਭ ਦੇ ਮੱਥੇ ਉਤੇ ਕਲੰਕ ਹੈ। ਇਸ ਘਿਨਾਉਣੇ ਪਾਪ ਦਾ ਵਾਪਰ ਜਾਣਾ ਸੋਚ ਤੋਂ ਪਰ੍ਹੇ ਤੇ ਨਾ-ਮੁਆਫ਼ੀਯੋਗ ਹੈ, ਜਿਸ ਦੇ ਦੋਸ਼ੀਆਂ ਨੂੰ ਕਦੇ ਬਖਸ਼ਿਆ ਨਹੀਂ ਜਾ ਸਕਦਾ।" ਉਨ੍ਹਾ ਕਿਹਾ ਕਿ ਬੜੇ ਦੁੱਖ ਦੀ ਗੱਲ ਹੈ ਕਿ ਇੰਨੇ ਸਾਲ ਬੀਤਣ ਪਿੱਛੋਂ ਵੀ ਇਸ ਪਾਪ ਦੇ ਦੋਸ਼ੀ ਸ਼ਰੇਆਮ ਦਨਦਨਾਉਂਦੇ ਫਿਰਦੇ ਹਨ, ਇਹ ਸਿਰਫ ਇਸ ਲਈ ਹੋਇਆ ਕਿ ਜੋ ਉਨ੍ਹਾਂ ਨੂੰ ਬਚਾਉਣ ਲਈ ਅਕਾਲੀਆਂ-ਕਾਂਗਰਸੀਆਂ ਦੀ ਮਿਲੀਭੁਗਤ ਸੀ।ਮੁੱਖ ਮੰਤਰੀ ਨੇ ਕਿਹਾ ਕਿ ਛੇਤੀ ਹੀ ਦੋਸ਼ੀ ਸੀਖਾਂ ਪਿੱਛੇ ਹੋਣਗੇ, ਜਿਸ ਲਈ ਮੇਰੀ ਸਰਕਾਰ ਕਸਰ ਨਹੀਂ ਛੱਡੇਗੀ।ਉਨ੍ਹਾ ਕਿਹਾ ਕਿ ਅੱਜ ਤੱਕ ਦੀਆਂ ਸਰਕਾਰਾਂ ਕਾਰਨ ਦੋਸ਼ੀ ਬਚਦੇ ਹਨ, ਪਰ ਮੇਰੀ ਸਰਕਾਰ ਬਣੀ ਤਾਂ ਇਹ ਵਿਹਾਰ ਬੰਦ ਹੋ ਗਿਆ ਹੈ, ਕਿਉਂਕਿ ਅਸੀਂ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਦ੍ਰਿੜ੍ਹਹਾਂ। ਭਗਵੰਤ ਮਾਨ ਨੇ ਕਿਹਾ ਕਿ ਯੋਗ ਤੋਂ ਯੋਗ ਅਧਿਕਾਰੀ ਜਾਂਚ ਦੀ ਕਾਰਵਾਈ ਕਰਨਗੇ ਤੇ ਚੰਗੇ ਤੋਂ ਚੰਗੇ ਵਕੀਲ ਅਦਾਲਤ ਵਿੱਚ ਕੇਸ ਲੜਨਗੇ ਤਾਂ ਜੋ ਦੋਸ਼ੀ ਸਜ਼ਾ ਤੋਂ ਬਚ ਨਾ ਸਕਣ।

ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਗੈਂਗਸਟਰਵਾਦ ਨੂੰ ਕੌਮੀ ਸਮੱਸਿਆ ਦੱਸ ਕੇਕਿਹਾ ਕਿ ਇਸ ਨੂੰ ਰੋਕਣ ਲਈ ਸਾਰੇ ਰਾਜਾਂ ਨੂੰ ਆਪੋ ਵਿਚ ਹੱਥ ਮਿਲਾਉਣਾ ਹੋਵੇਗਾ। ਉਨ੍ਹਾਂ ਕਿਹਾ ਕਿ ਸਾਂਝੇ ਯਤਨਾਂ ਨਾਲ ਸਮੱਸਿਆ ਕਾਰਗਰ ਢੰਗ ਨਾਲ ਖ਼ਤਮ ਕੀਤੀ ਜਾ ਸਕਦੀ ਹੈ।ਉਨ੍ਹਾ ਕਿਹਾ ਕਿ ਸਾਡੀ ਸਰਕਾਰ ਨੇ ਇਸ ਨਾਲ ਨਿਪਟਣ ਦੀ ਨੀਤੀ ਬਣਾਈ ਹੈ।ਉਨ੍ਹਾ ਕਿਹਾ ਕਿ ਸੰਗਠਿਤ ਗੈਂਗਾਂ ਦੇ ਖਾਤਮੇ ਦਾ ਸਿਹਰਾ ਲੈਣ ਦੀ ਗੱਲ ਨਹੀਂ ਚਾਹੀਦੀ, ਹਰ ਰਾਜ ਇਸ ਬਾਰੇ ਸੰਵੇਦਨਸ਼ੀਲ ਹੈ। ਉਨ੍ਹਾਂ ਨੇ ਗੈਂਗਸਟਰ ਕਲਚਰ ਨੂੰ ਉਤਸ਼ਾਹਤ ਕਰਨ ਲਈ ਕਾਂਗਰਸ ਅਤੇ ਅਕਾਲੀਆਂ ਦੀ ਕਰੜੀ ਆਲੋਚਨਾ ਕੀਤੀ ਅਤੇ ਕਿਹਾ ਕਿ ਦੋਵਾਂ ਨੇ ਆਪੋ ਆਪਣੇ ਸਵਾਰਥਾਂ ਖਾਤਰ ਗੈਂਗਸਟਰਵਾਦ ਦੀ ਪੁਸ਼ਤ-ਪਨਾਹੀ ਕੀਤੀ ਸੀ। ਆਪਣੇ ਸਿਆਸੀ ਜੀਵਨ ਬਾਰੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ, "ਮੈਨੂੰ ਮੇਰੀ ਤਕਦੀਰ ਸਿਆਸਤ ਵਿੱਚ ਲੈ ਆਈ, ਪਰ ਮੈਂ ਗ਼ਰੀਬ ਤੋਂ ਗ਼ਰੀਬ ਦੀ ਸੇਵਾ ਨੂੰ ਸਮਰਪਿਤ ਹਾਂ।" ਉਨ੍ਹਾ ਕਿਹਾ ਕਿ ਉਨ੍ਹਾਂ ਦਾ ਇੱਕੋ ਨਿਸ਼ਾਨਾ ਪੰਜਾਬ ਨੂੰ ਦੇਸ਼ ਦਾ ਮੋਹਰੀ ਰਾਜ ਬਣਾਉਣਾ ਹੈ।ਉਨ੍ਹਾ ਕਿਹਾ ਕਿ ਉਨ੍ਹਾਂ ਦੇ ਮੰਤਰੀ ਭਾਵੇਂ ਨਵੇਂ ਹੋਣ, ਪਰ ਪੰਜਾਬ ਤੇ ਇਸ ਦੇ ਲੋਕਾਂ ਲਈ ਉਨ੍ਹਾਂ ਦੀ ਦੂਰ ਅੰਦੇਸ਼ੀ ਤੇ ਸਮਰਪਣ ਭਾਵਨਾ ਉਨ੍ਹਾਂ ਨੂੰ ਦੂਸਰੇ ਸਿਆਸਤਦਾਨਾਂ ਤੋਂ ਵੱਖ ਕਰਦੀ ਹੈ, ਜਿਨ੍ਹਾਂ ਨੇ ਸੱਤਾ ਦੀ ਵਰਤੋਂ ਸਿਰਫ਼ ਰਾਜ ਦੇ ਖਜ਼ਾਨੇ ਲੁੱਟਣ ਲਈ ਕੀਤੀ ਹੈ।ਮੁੱਖ ਮੰਤਰੀ ਨੇ ਕਿਹਾ ਕਿ ਬਦਕਿਸਮਤੀ ਹੈ ਕਿ ਪੰਜਾਬੀ ਵੱਡੇ ਕਰਜ਼ੇ ਹੇਠ ਦੱਬੇ ਹੋਏ ਹਨ ਤੇ ਸਿਆਸੀ ਆਗੂ ਉਨ੍ਹਾਂ ਦੀ ਚਿੰਤਾ ਕਰਨ ਦੀ ਥਾਂ ਆਪਣੀਆਂ ਤਨਖਾਹਾਂ ਲਈ ਚਿੰਤਤ ਹਨ। ਉਨ੍ਹਾਂ ਕਿਹਾ ਕਿ ਸਿਆਸਤਦਾਨਾਂ ਨੂੰ ਆਪਣੀਆਂ ਤਨਖ਼ਾਹਾਂ ਦੀ ਨਹੀਂ, ਉਸ ਭ੍ਰਿਸ਼ਟਾਚਾਰ ਦੀ ਵੱਧ ਚਿੰਤਾ ਹੈ, ਜਿਹੜਾ ਬੰਦ ਹੋ ਗਿਆ ਹੈ।ਉਨ੍ਹਾ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਭ੍ਰਿਸ਼ਟਾਚਾਰ ਨੂੰ ਨੱਥ ਪਾਈ ਹੈ ਤਾਂਬਹੁਤੇ ਸਿਆਸਤਦਾਨਾਂ ਅਤੇ ਅਫਸਰਾਂ ਨੂੰ ਉਨ੍ਹਾਂ ਦੀਆਂ ਅਸਲ ਤਨਖਾਹਾਂ ਬਹੁਤ ਘੱਟ ਲੱਗਣ ਲੱਗ ਪਈਆਂ ਹਨ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਜਿਸ ਕਿਸੇ ਨੇ ਇੱਕ ਪੈਸਾ ਵੀ ਲੁੱਟਿਆ ਹੈ, ਉਹ ਲੋਕਾਂ ਨੂੰ ਜਵਾਬਦੇਹ ਬਣਾਇਆ ਜਾਵੇਗਾ।ਉਨ੍ਹਾ ਕਿਹਾ ਕਿ ਲੁਟੇਰਿਆਂ ਦਾ ਪਰਦਾਫਾਸ਼ ਕਰ ਕੇ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ।ਉਨ੍ਹਾ ਕਿਹਾ ਕਿ ਪੰਜਾਬਵਿੱਚ ਵਿਰੋਧੀ ਹੀ ਧਿਰ ਨਹੀਂ, ਕਿਉਂਕਿ ਲੋਕਾਂ ਨੇ ਉਨ੍ਹਾਂ ਨੂੰ ਲਾਂਭੇ ਕਰ ਦਿੱਤਾ ਹੈ। ਉਨ੍ਹਾਂ ਮਿਸਾਲਦਿੱਤੀ ਕਿ ਲੋਕਾਂ ਨੇ ਸਾਨੂੰ 92 ਸੀਟਾਂ ਨਾਲ ਫਤਵਾ ਦਿੱਤਾ ਹੈ, ਜਿਨ੍ਹਾਂ ਵਿੱਚੋਂ 66 ਸੀਟਾਂ ਮਾਲਵੇਦੀਆਂ ਸਨ।ਮੁੱਖ ਮੰਤਰੀ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਕੈਪਟਨ ਅਮਰਿੰਦਰ ਸਿੰਘ ਤੇ ਚਰਨਜੀਤ ਸਿੰਘ ਚੰਨੀ ਅਤੇ ਇੱਕ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੋਂ ਇਲਾਵਾ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਤੇ ਬਿਕਰਮ ਸਿੰਘ ਮਜੀਠੀਆ ਵਰਗੇ ਨੇਤਾਵਾਂ ਨੂੰ ਲੋਕਾਂ ਨੇ ਬੁਰੀ ਤਰ੍ਹਾਂ ਨਾਕਾਰ ਦਿੱਤਾ ਹੈ, ਕਿਉਂਕਿ ਇਨ੍ਹਾਂ ਨੇ ਨਿੱਜੀ ਹਿੱਤਾਂ ਖਾਤਰ ਸੱਤਾ ਦੀ ਦੁਰਵਰਤੋਂ ਕੀਤੀ ਸੀ, ਜਿਸ ਦੇ ਨਤੀਜੇ ਵਜੋਂ ਲੋਕਾਂ ਨੇ ਇਨ੍ਹਾਂ ਨੂੰ ਬਾਹਰ ਦਾ ਰਾਹ ਵਿਖਾਇਆ ਹੈ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

## ਵਿਜੀਲੈਂਸ ਦੀ ਕਾਰਵਾਈ: ਪਿੰਡ ਦੀ 578 ਏਕੜ ਸਾਂਝੀ ਜ਼ਮੀਨ ਧੋਖੇ ਨਾਲ ਵੇਚਣ ਦੇ ਦੋਸ਼ ਵਿੱਚ ਦੋ ਪ੍ਰਾਪਰਟੀ ਡੀਲਰ ਗ੍ਰਿਫ਼ਤਾਰ




ਚੰਡੀਗੜ੍ਹ, 5 ਜੁਲਾਈ, (ਪੋਸਟ ਬਿਊਰੋ)- ਪਿੰਡ ਮਾਜਰੀ, ਮੁਹਾਲੀ ਦੀ ਲਗਭਗ 578 ਏਕੜ (4624 ਕਨਾਲ) ਜ਼ਮੀਨ ਦੇ ਇੰਤਕਾਲ ਮੌਕੇ ਮਾਲ ਵਿਭਾਗ ਦੇਕੁਝ ਅਫਸਰਾਂ ਦੀ ਮਿਲੀਭੁਗਤ ਨਾਲ ਰਿਕਾਰਡ ਵਿੱਚ ਛੇੜਛਾੜ ਕਰਨ ਦੇ ਦੋਸ਼ਾਂ ਹੇਠਵਿਜੀਲੈਂਸ ਨੇ ਮੰਗਲਵਾਰ ਨੂੰ ਦੋ ਪ੍ਰਾਪਰਟੀ ਡੀਲਰਾਂ ਰੱਬੀ ਸਿੰਘ ਤੇ ਬਨਾਰਸੀ ਦਾਸ ਨੂੰ ਗ੍ਰਿਫ਼ਤਾਰ ਕੀਤਾ ਹੈ। ਵਿਜੀਲੈਂਸ ਦੇ ਬੁਲਾਰੇ ਨੇ ਦੱਸਿਆ ਕਿ ਪਿੰਡ ਮਾਜਰੀ, ਤਹਿਸੀਲ ਖਰੜ ਦੇ ਮਾਲ ਰਿਕਾਰਡ ਨਾਲ ਛੇੜਛਾੜ ਕਰਨ ਬਾਰੇ ਜ਼ਿਲਾ ਐੱਸਏਐੱਸਨਗਰ ਵਿਖੇ ਸਾਲ 2019 ਵਿੱਚ ਹੋਈ ਸ਼ਿਕਾਇਤ ਦੀ ਜਾਂਚ ਪਿੱਛੋਂਅੱਠ ਮਈ ਨੂੰਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7 ਤੇ ਹੋਰ ਧਾਰਾਵਾਂ ਹੇਠ ਵਿਜੀਲੈਂਸ ਨੇ ਕੇਸ ਦਰਜ ਕੀਤਾ ਸੀ।ਜਾਂਚ ਵਿੱਚ ਵਿਜੀਲੈਂਸ ਬਿਊਰੋ ਦੇ ਆਰਥਿਕ ਅਪਰਾਧ ਵਿੰਗ ਟੀਮ ਨੇ ਵੇਖਿਆ ਕਿ ਸੰਬੰਧਤ ਜ਼ਮੀਨ ਦੇ ਇੰਤਕਾਲਮੌਕੇ ਮਾਲ ਰਿਕਾਰਡ ਵਿੱਚ ਛੇੜਛਾੜ ਤੇ ਜਾਅਲੀ ਇੰਟਰੀਆਂ ਕੀਤੀਆਂ ਹਨ, ਜਿਹੜੀ ਪਿੰਡ ਮਾਜਰੀ ਦੇ ਲੋਕਾਂ ਦੀ ਸਬੰਧਤ ਜ਼ਮੀਨ, ਜਿਸ ਦੇ ਉਹ ਮੁਹਾਲੀ ਦੇ ਓਦੋਂ ਦੇ ਕਨਸਾਲੀਡੇਸ਼ਨ ਅਫਸਰ ਵਲੋਂ ਕੀਤੇ ਇੰਤਕਾਲ ਨੰਬਰ 2026 ਮਿਤੀ 7 ਮਈ 1991 ਮੁਤਾਬਕ ਅਸਲ ਮਾਲਕ ਸਨ, ਉਕਤ ਦੋਸ਼ੀ ਪ੍ਰਾਪਰਟੀ ਡੀਲਰਾਂ ਨੇ ਮਾਲ ਅਫਸਰਾਂ ਨਾਲ ਮਿਲੀਭੁਗਤ ਹੇਠ ਧੋਖੇ ਨਾਲ ਉਸ ਦਾ ਇੰਤਕਾਲ ਬਦਲ ਦਿੱਤਾਅਤੇ 14 ਜਣਿਆਂ ਨੂੰ ਪਿੰਡ ਮਾਜਰੀ ਦੀ 558 ਏਕੜ (4464 ਕਨਾਲ) ਜ਼ਮੀਨ ਦੇ ਮਾਲਕ ਬਣਾ ਦਿੱਤਾ। ਜਾਂਚ ਤੋਂ ਪਤਾ ਲੱਗਾ ਕਿ ਇਨਾਂ 14 ਵਿਚੋਂ 12 ਬਿਲਕੁਲ ਜਾਅਲੀ ਸਨ ਤੇ ਉਹ ਜਮੀਨ ਦੇ ਮਾਲਕ, ਪਿੰਡ ਮਾਜਰੀ ਦੇ ਵਾਸੀ ਜਾਂ ਕਿਸਾਨ ਵੀ ਨਹੀਂ। ਬਾਕੀ 2 ਜਣੇ ਪਿੰਡ ਮਾਜਰੀ ਦੇ ਹਨ, ਪਰ ਥੋੜ੍ਹੀ ਜਿਹੀ ਜਮੀਨ ਦੇ ਮਾਲਕ ਹਨ, ਪਰ ਦੋਸ਼ੀ ਅਫਸਰਾਂ ਨੇ ਉਨ੍ਹਾਂ ਦੇ ਹਿੱਸੇ ਅਸਲ ਤੋਂ ਵਧਾ ਦਿੱਤੇ ਸਨ। ਫਿਰ 18 ਜੂਨ 2014 ਅਤੇ 19 ਜੂਨ 2014 ਨੂੰ ਲਗਭਗ 578 ਏਕੜ (4624 ਕਨਾਲ) ਜਮੀਨ ਧੋਖੇ ਨਾਲ ਉਨ੍ਹਾਂ ਲੋਕਾਂ ਦੇ ਨਾਮ ਕਰ ਦਿੱਤੀ, ਜਿਹੜੇ ਅਸਲ ਵਿੱਚ ਜ਼ਮੀਨ ਦੇ ਮਾਲਕ ਨਹੀਂ ਸਨ।

ਇਸ ਦੀ ਜਾਂਚ ਪਿੱਛੋਂ ਵਿਜੀਲੈਂਸ ਬਿਓਰੋ ਨੇ ਦੋਸ਼ੀ ਪ੍ਰਾਪਰਟੀ ਡੀਲਰਾਂ ਰੱਬੀ ਸਿੰਘ ਤੇ ਬਨਾਰਸੀ ਦਾਸ ਨੂੰ ਗ੍ਰਿਫਤਾਰ ਕੀਤਾ ਹੈ।ਵਿਜੀਲੈਂਸ ਦੇ ਬੁਲਾਰੇ ਨੇ ਦੱਸਿਆ ਕਿ ਦੋਸ਼ੀ ਰੱਬੀ ਸਿੰਘ ਨੇ ਫਰਜੀ ਆਦਮੀ ਅਮਰੀਕ ਸਿੰਘ ਦੇ ਨਾਂ69.68 ਏਕੜ (557 ਕਨਾਲ) ਜ਼ਮੀਨ ਦੀ ਜਨਰਲ ਪਾਵਰ ਆਫ ਅਟਾਰਨੀ (ਜੀ ਪੀ ਏ) ਖਰੀਦੀ ਅਤੇ ਫਿਰ ਇਸ ਆਧਾਰ ਉੱਤੇ ਜੀਪੀਏ ਨਾਲ ਲਗਭਗ 42 ਏਕੜ (336.5 ਕਨਾਲ) ਜ਼ਮੀਨ ਵੱਖ-ਵੱਖ ਲੋਕਾਂ ਨੂੰ ਵੇਚ ਦਿੱਤੀ। ਦੂਸਰੇ ਦੋਸ਼ੀ ਬਨਾਰਸੀ ਦਾਸ ਨੇ ਜਮੀਨ ਦੇ ਫਰਜ਼ੀ ਇੰਤਕਾਲ ਸਦਕਾ ਕਰੀਬ 53 ਏਕੜ ਜਮੀਨ (424 ਕਨਾਲ) ਵੱਖ-ਵੱਖ ਲੋਕਾਂ ਨੂੰ ਵੇਚ ਦਿੱਤੀ ਸੀ। ਵੇਚੀ ਗਈ ਜਮੀਨ ਦੀ ਮਾਲਕੀ ਸੰਬੰਧਤ ਵਿਭਾਗ ਦੇ ਰਿਕਾਰਡ ਵਿੱਚ ਧਰਮਪਾਲ ਦੇ ਨਾਂ ਉੱਤੇਦਰਜ ਸੀ,ਬਨਾਰਸੀ ਦਾਸ ਕਦੇ ਵੀਉਸ ਦਾ ਅਸਲ ਮਾਲਕ ਨਹੀਂ ਸੀ, ਪਰ ਕਰੋੜਾਂ ਦੀ ਕਮਾਈ ਕਰ ਗਿਆ ਸੀ।

# ਬ੍ਰਿਟੇਨ ਵਿੱਚ ਭਾਰਤੀ ਮੂਲ ਦੇ ਮੰਤਰੀ ਰਿਸ਼ੀ ਸੁਨਕ ਅਤੇ ਪਾਕਿ ਮੂਲ ਦੇ ਸਾਜਿਦ ਜਾਵੇਦ ਵੱਲੋਂ ਅਸਤੀਫ਼ਾ

ਲੰਡਨ, 5 ਜੁਲਾਈ, (ਪੋਸਟ ਬਿਊਰੋ)- ਬ੍ਰਿਟੇਨ ਵਿੱਚ ਦੋ ਵੱਡੇ ਮੰਤਰੀਆਂ ਦੇ ਅਸਤੀਫ਼ੇ ਨੇ ਸਿਆਸੀ ਭੂਚਾਲ ਲਿਆ ਦਿੱਤਾ ਹੈ। ਇਨ੍ਹਾਂ ਦੇ ਅਸਤੀਫੇ ਨੂੰ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਲਈ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ। ਜੌਨਸਨ ਨੂੰ ਪਿੱਛੇ ਜਿਹੇ ਆਪਣੇ ਇੱਕ ਮੰਤਰੀ ਨਾਲ ਸਬੰਧਤ ਸੈਕਸ ਸਕੈਂਡਲ ਕਾਰਨ ਮਾਫ਼ੀ ਵੀ ਮੰਗਣੀ ਪਈ ਸੀ।

ਭਾਰਤੀ ਮੂਲ ਦੇ ਖਜ਼ਾਨਾ ਮੰਤਰੀ ਰਿਸ਼ੀ ਸੁਨਕ ਨੇ ਅਹੁਦਾ ਛੱਡਣ ਦਾ ਐਲਾਨ ਕਰਨ ਵੇਲੇ ਪ੍ਰਧਾਨ ਮੰਤਰੀ ਜੌਨਸਨ ਨੂੰ ਲਿਖੇ ਪੱਤਰ ਵਿੱਚ ਕਿਹਾ ਹੈ ਕਿ ਉਨ੍ਹਾਂ ਨੇ ਅਣਮੰਨੇ ਮਨ ਨਾਲ ਅਸਤੀਫ਼ਾ ਦੇਣ ਦਾ ਫ਼ੈਸਲਾ ਕੀਤਾ ਹੈ।ਉਨ੍ਹਾਂ ਨੇ ਆਪਣਾ ਅਸਤੀਫਾ ਟਵਿਟਰ ਉੱਤੇ ਵੀ ਪੋਸਟ ਕੀਤਾ ਹੈ, ਜਿਸਵਿੱਚਲਿਖਿਆ ਹੈ ਕਿ ਜਨਤਾ ਆਸ ਕਰਦੀ ਹੈ ਕਿ ਸਰਕਾਰ ਸਹੀ, ਯੋਗਤਾ ਤੇ ਗੰਭੀਰਤਾ ਨਾਲ ਕੰਮ ਕਰੇਗੀ।ਬ੍ਰਿਟੇਨਅੱਗੇਵੱਡੀਆਂ



ਚੁਣੌਤੀਆਂ ਦਾ ਇਸ਼ਾਰਾ ਕਰ ਕੇ ਸੁਨਕ ਨੇ ਕਿਹਾ ਕਿ ਜਨਤਾ ਸੱਚਾਈ ਜਾਣਨਾ ਚਾਹੁੰਦੀ ਹੈ।ਉਨ੍ਹਾ ਕਿਹਾ ਹੈ ਕਿ ਅਗਲੇ ਹਫਤੇ ਅਰਥਵਿਵਸਥਾ ਉੱਤੇ ਸਾਡੀ ਪ੍ਰਸਤਾਵਿਤ ਸਾਂਝੀ ਬੈਠਕ ਦੀ ਤਿਆਰੀ ਦੌਰਾਨ ਇਹ ਸਪੱਸ਼ਟ ਹੋ ਗਿਆ ਕਿ ਸਾਡੇ ਵਿਚਾਰ ਬੁਨਿਆਦੀ ਤੌਰ ਉੱਤੇ ਵੱਖਰੇ ਹਨ।

ਇਸ ਤੋਂ ਪਹਿਲਾਂ ਪਾਕਿਸਤਾਨੀ ਮੂਲ ਦੇ ਸਿਹਤ ਮੰਤਰੀ ਸਾਜਿਦ ਜਾਵੇਦ ਨੇ ਕਿਹਾ ਸੀ ਕਿ ਉਸ ਦੀ ਜ਼ਮੀਰ ਉਸ ਨੂੰ ਅਹੁਦੇ ਉੱਤੇ ਰਹਿਣ ਦੀ ਇਜਾਜ਼ਤ ਨਹੀਂ ਦੇਂਦੀ। ਇਨ੍ਹਾਂ ਦੋਵਾਂ ਮੰਤਰੀਆਂ ਨੇ ਓਦੋਂ ਅਸਤੀਫੇ ਦੇਣ ਵਾਲਿਆਂ ਦੀ ਨਿੰਦਾ ਕੀਤੀ ਸੀ, ਜਦੋਂ ਪ੍ਰਧਾਨ ਮੰਤਰੀ ਜੌਨਸਨ ਨੇ ਇਹ ਕਹਿ ਕੇ ਮਾਫ਼ੀ ਮੰਗੀ ਸੀ ਕਿ ਸੈਕਸ ਸ਼ੋਸ਼ਣ ਦੇ ਦੋਸ਼ਾਂ ਪਿੱਛੋਂ ਸਾਬਕਾ ਵ੍ਹਿਪ ਕ੍ਰਿਸ ਪਿਨਚਰ ਦੀ ਨਿਯੁਕਤੀ ਨਾ ਕਰਨਾ ਉਨ੍ਹਾਂ ਦੀ ਗਲਤੀ ਸੀ।ਉਸ ਵਕਤ ਪ੍ਰਧਾਨ ਮੰਤਰੀ ਜੌਨਸਨ ਦੇ ਨਾਲ ਖੜੇ ਰਹਿਣ ਵਾਲੇ ਇਹ ਦੋਵੇਂ ਮੰਤਰੀ ਅੱਜ ਅਚਾਨਕ ਅਸਤੀਫਾ ਦੇ ਗਏ ਹਨ।

## ਸੜਕ ਹਾਦਸੇ ਵਿੱਚ ਇੱਕੋ ਪਰਵਾਰ ਦੇ ਤਿੰਨ ਮੈਂਬਰਾਂ ਦੀ ਮੌਤ

ਟਾਂਡਾ ਉੜਮੁੜ, 5 ਜੁਲਾਈ (ਪੋਸਟ ਬਿਊਰੋ)- ਕੱਲ੍ਹ ਸਵੇਰੇ ਜਲੰਧਰ-ਪਠਾਨਕੋਟ ਨੈਸ਼ਨਲ ਹਾਈਵੇ ਉੱਤੇ ਪਸ਼ੂ ਮੰਡੀ ਨੇੜੇ ਇੱਕ ਹਾਦਸੇ ਦੌਰਾਨ ਇੱਕੋ ਪਰਵਾਰ ਦੇ ਤਿੰਨ ਜੀਆਂ ਦੀ ਮੌਤ ਹੋਣ ਦਾ ਸਮਾਚਾਰ ਹੈ। ਮਿਲੀ ਜਾਣਕਾਰੀ ਅਨੁਸਾਰ ਜਲੰਧਰ ਵਾਸੀ ਕੰਵਰ ਅਗਰਵਾਲ ਪੁੱਤਰ ਮਧੂ ਸੂਦਨ ਆਪਣੇ ਪਰਵਾਰ ਸਮੇਤ ਵੈਸ਼ਨੋ ਦੇਵੀ ਦੇ ਦਰਸ਼ਨ ਕਰ ਕੇ ਵਾਪਸ ਆ ਰਿਹਾ ਸੀ। ਜਦ ਉਹ ਟਾਂਡੇ ਨਜ਼ਦੀਕ ਪਸ਼ੂ ਮੰਡੀ ਕੋਲ ਪੁੱਜੇ ਤਾਂ ਉਨ੍ਹਾਂ ਦੀ ਕਾਰ ਪੁਲੀ ਨਾਲ ਟਕਰਾ ਗਈ, ਜਿਸ ਦੌਰਾਨ ਕੰਵਰ ਅਗਰਵਾਲ ਦੀ ਪਤਨੀ ਮਹਿਕ ਅਗਰਵਾਲ, ਮਾਂ ਰੇਣੂ ਅਤੇ ਧੀ ਵਰਿੰਦਾ ਦੀ ਮੌਕੇ ਉੱਤੇ ਮੌਤ ਹੋ ਗਈ ਅਤੇ ਕਾਰ ਚਾਲਕ ਕੰਵਰ ਅਗਰਵਾਲ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਉਸ ਨੂੰ ਟਾਂਡੇ ਦੇ ਸਰਕਾਰੀ ਹਸਪਤਾਲ ਦਾਖਲ ਕਰਾਇਆ ਗਿਆ ਜਿੱਥੇ ਉਸ ਦੀ ਹਾਲਤ ਗੰਭੀਰ ਦੇਖ ਕੇ ਉਸ ਨੂੰ ਅੱਗੇ ਰੈਫਰ ਕਰ ਦਿੱਤਾ ਗਿਆ।

## ਐਕਸਾਈਜ਼ ਨੀਤੀ ਵਿਰੁੱਧ ਪੰਜਾਬ ਹਰਿਆਣਾ ਹਾਈ ਕੋਰਟ ਤੋਂ ਪੰਜਾਬ ਸਰਕਾਰ ਨੂੰ ਝਾੜ

*** ਅਗਲੀ ਸੁਣਵਾਈ 20 ਜੁਲਾਈ ਨੂੰ ਹੋਵੇਗੀ**

ਚੰਡੀਗੜ੍ਹ, 5 ਜੁਲਾਈ, (ਪੋਸਟ ਬਿਊਰੋ)- ਪੰਜਾਬ ਸਰਕਾਰ ਦੀ ਨਵੀਂ ਐਕਸਾਈਜ਼ ਨੀਤੀ ਵਿਰੁੱਧਪੇਸ਼ ਪਟੀਸ਼ਨਾਂ ਉੱਤੇਰਾਜ ਸਰਕਾਰ ਪੰਜਾਬ ਹਰਿਆਣਾ ਹਾਈ ਕੋਰਟ ਦੇ ਨੋਟਿਸ ਦਾ ਜਵਾਬ ਨਹੀਂ ਦੇ ਸਕੀ। ਸਰਕਾਰ ਨੇ ਅਦਾਲਤ ਨੂੰ ਇਸ ਦਾ ਜਵਾਬ ਦੇਣ ਲਈ ਕੁਝ ਸਮਾਂ ਦੇਣ ਦੀ ਬੇਨਤੀ ਕੀਤੀ ਸੀ।

ਵਰਨਣ ਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਸਾਲ 2022-23 ਲਈ ਕੇਸਵਿੱਚ ਸ਼ਰਾਬ ਦੀ ਖਰੀਦ ਅਤੇ ਵਿਕਰੀ ਲਈ ਜਾਰੀ ਕੀਤੀ ਐਕਸਾਈਜ਼ ਨੀਤੀ ਬਾਰੇ ਕਈ ਲੋਕਾਂਨੇ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਹੈ ਅਤੇਹਾਈ ਕੋਰਟ ਨੇ ਪੰਜਾਬ ਦੇ ਮੁੱਖ ਮੰਤਰੀ, ਐਕਸਾਈਜ਼ ਵਿਭਾਗ ਦੇ ਐਡੀਸ਼ਨਲ ਚੀਫਸੈਕਟਰੀਅਤੇ ਐਕਸਾਈਜ਼ ਕਮਿ-ਸ਼ਨਰ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਸੀ।ਅੱਜ ਮੰਗਲਵਾਰ ਕੇਸ ਦੀ ਸੁਣਵਾਈ ਵੇਲੇ ਪੰਜਾਬ ਸਰਕਾਰ ਨੇਹਾਈ ਕੋਰਟ ਨੂੰ ਇਸ ਕੇਸ ਦਾ ਜਵਾਬ




ਦੇਣ ਲਈ ਕੁਝ ਸਮਾਂ ਦੇਣ ਦੀ ਬੇਨਤੀ ਕੀਤੀ। ਇਸ ਉੱਤੇ ਅਦਾਲਤ ਨੇ ਸਰਕਾਰ ਨੂੰ ਸਮਾਂ ਦੇ ਕੇ ਕੇਸ ਦੀ ਸੁਣਵਾਈ 20 ਜੁਲਾਈ ਤੱਕ ਮੁਲਤਵੀ ਕਰ ਦਿੱਤੀ, ਪਰ ਇਹ ਸਾਫ ਕਿਹਾ ਕਿ ਅਗਲੀ ਸੁਣਵਾਈ ਹੋਣ ਤੋਂ ਪਹਿਲਾਂ ਸਰਕਾਰ ਇਸ ਕੇਸਵਿੱਚ ਅਦਾਲਤ ਵਿੱਚ ਆਪਣਾ ਜਵਾਬ ਦਾਖ਼ਲ ਕਰੇ।

ਪਿਛਲੀ ਸੁਣਵਾਈਮੌਕੇਹਾਈ ਕੋਰਟ ਨੇ ਸਰਕਾਰ ਨੂੰ ਨੋਟਿਸ ਭੇਜਕੇ ਪੁੱਛਿਆ ਸੀ ਕਿ ਇਸ ਉੱਤੇ ਰੋਕ ਕਿਉਂ ਨਾ ਲਾਈ ਜਾਵੇਅਤੇ ਨਾਲ ਹੁਕਮ ਦਿੱਤਾ ਸੀ ਕਿ ਸ਼ਰਾਬ ਦੇ ਠੇਕਿਆਂ ਦੀ ਜੋ ਅਲਾਟਮੈਂਟ ਕਰਨੀ ਹੈ, ਉਹ ਇਨ੍ਹਾਂ ਪਟੀਸ਼ਨਾਂ ਉੱਤੇ ਕੋਰਟ ਦੇ ਫੈਸਲੇ ਉੱਤੇ ਨਿਰਭਰ ਕਰੇਗੀ। ਪੰਜਾਬ ਦੀ ਐਕਸਾਈਜ਼ ਨੀਤੀ ਪੰਜਾਬ ਐਕਸਾਈਜ਼ ਐਕਟ-1914 ਤੇ ਪੰਜਾਬ ਸ਼ਰਾਬ ਲਾਇਸੈਂਸ ਐਕਟ-1956 ਦੀ ਉਲੰਘਣਾ ਦੱਸ ਕੇਅਤੇ ਇਸ ਨਾਲ ਮੋਨੋਪਲੀ ਨੂੰ ਸ਼ਹਿ ਦੇਣ ਦਾ ਦੋਸ਼ ਲਾ ਕੇ ਦਾਇਰ ਪਟੀਸ਼ਨਾਂ ਵਿੱਚ ਹਾਈ ਕੋਰਟ ਤੋਂ ਇਸ ਨੀਤੀ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਹੈ। ਇਸ ਦੀ ਬਹਿਸ ਮੌਕੇ ਪਟੀਸ਼ਨਰਾਂ ਦੇ ਵਕੀਲ ਮੋਹਨ ਜੈਨ ਨੇ ਸਰਕਾਰ ਉੱਤੇ ਦੋਸ਼ ਲਾਇਆ ਕਿ ਇਹ ਦਸ ਹਜ਼ਾਰ ਕਰੋੜ ਤੋਂ ਵੱਡਾ ਘਪਲਾ ਹੈ।ਉਨ੍ਹਾਂ ਕਿਹਾ ਕਿ ਐਕਸਾਈਜ਼ ਨੀਤੀ ਮੁੱਖ ਮੰਤਰੀ ਦੀ ਮੰਨਜ਼ੂਰੀਨਾਲ ਜਾਰੀ ਹੋਈ ਹੈ, ਜਦਕਿ ਇਸ ਲਈ ਕੈਬਨਿਟ ਦੀ ਸਹਿਮਤੀ ਲਾਜ਼ਮੀ ਹੈ, ਇਸ ਲਈਮੁੱਖ ਮੰਤਰੀ ਨੂੰ ਨੋਟਿਸ ਜਾਰੀ ਕਰਨਾ ਚਾਹੀਦਾ ਹੈ।

# ਚੀਨੀ ਮੋਬਾਈਲ ਕੰਪਨੀ ਵੀਵੋ ਮਨੀ ਲਾਂਡਰਿੰਗ ਦੇ ਦੋਸ਼ਾਂ ਵਿੱਚ ਘਿਰੀ

*** ਈ ਡੀ ਵੱਲੋਂ 44 ਥਾਵਾਂ ਉੱਤੇ ਛਾਪੇ, ਅਹਿਮ ਦਸਤਾਵੇਜ਼ ਬਰਾਮਦ**

ਨਵੀਂ ਦਿੱਲੀ, 5 ਜੁਲਾਈ, (ਪੋਸਟ ਬਿਊਰੋ)- ਚੀਨ ਦੀ ਮੋਬਾਈਲ ਕੰਪਨੀ ਵੀਵੋ ਉੱਤੇ ਮਨੀ ਲਾਂਡਰਿੰਗ ਦਾ ਸ਼ਿਕੰਜਾ ਕੱਸ ਗਿਆ ਹੈ। ਪਿਛਲੇ ਚਾਰ-ਪੰਜ ਸਾਲਾਂ ਵਿੱਚ ਵੀਵੋ ਵੱਲੋਂ ਚੀਨ ਨੂੰ ਭੇਜੇ 47 ਹਜ਼ਾਰ ਕਰੋੜ ਰੁਪਏ ਸ਼ੱਕ ਹੇਠ ਹਨ। ਇਸਦਾਵੱਡਾ ਹਿੱਸਾ ਫਰਜ਼ੀ ਨਾਵਾਂ ਉੱਤੇ ਬਣਾਈਆਂ ਕਾਗਜ਼ੀ ਜਾਂ ਸ਼ੈੱਲ (ਮੁਖੌਟਾ) ਕੰਪਨੀਆਂ ਰਾਹੀਂ ਕੀਤੀ ਕਮਾਈ ਦਾ ਹੋ ਸਕਦਾ ਹੈ। ਮਨੀ ਲਾਂਡਰਿੰਗ ਰੋਕਥਾਮ ਕਾਨੂੰਨ (ਪੀਐੱਮਐੱਲਏ) ਹੇਠ ਵੀਵੋ ਦੇ ਖ਼ਿਲਾਫ਼ ਕੇਸ ਦਰਜ ਕਰਨ ਪਿੱਛੋਂਈ ਡੀ ਨੇ ਅੱਜ ਮੰਗਲਵਾਰ ਉਸ ਦੇ ਅਤੇ ਉਸ ਦੀਆਂ ਸਾਥੀ ਕੰਪਨੀਆਂ ਦੇ 44 ਅੱਡਿਆਂ ਉੱਤੇ ਛਾਪੇ ਮਾਰੇ ਹਨ।


ਦਿੱਲੀ ਪੁਲਿਸ ਦੀ ਆਰਥਿਕ ਅਪਰਾਧ ਸ਼ਾਖਾ ਵਿੱਚਬਣੇ ਕੇਸ ਦਾ ਨੋਟਿਸ ਲੈਂਦਿਆਂਈ ਡੀ ਨੇ ਮਨੀ ਲਾਂਡਰਿੰਗ ਦੀ ਜਾਂਚ ਕਰਨ ਦਾ ਫ਼ੈਸਲਾ ਕੀਤਾ ਸੀ। ਅਸਲ ਵਿੱਚਦਿੱਲੀ ਪੁਲਿਸ ਦੀ ਸ਼ਿਕਾਇਤ ਮੁਤਾਬਕ ਜੰਮੂ-ਕਸ਼ਮੀਰ ਵਿੱਚ ਵੀਵੋ ਦੀ ਡਿਸਟ੍ਰੀਬਿਊਟਰ ਕੰਪਨੀ ਵਿੱਚ ਕਈ ਚੀਨੀ ਨਾਗਰਿਕ ਸ਼ੇਅਰ ਹੋਲਡਰ ਬਣੇ, ਪਰ ਇਨ੍ਹਾਂ ਲੋਕਾਂ ਨੇ




ਅਸਲ ਪਛਾਣ ਲੁਕਾ ਕੇ ਫਰਜ਼ੀ ਦਸਤਾਵੇਜ਼ ਜਮ੍ਹਾਂ ਕੀਤੇ ਸਨ।ਕੇਂਦਰੀ ਜਾਂਚ ਏਜੰਸੀ ਦੇ ਇਕ ਸੀਨੀਅਰ ਅਫਸਰ ਨੇ ਕਿਹਾ ਕਿ ਸ਼ੁਰੂ ਦੀ ਜਾਂਚਤੋਂ ਸਾਫ਼ ਹੋ ਗਿਆ ਹੈ ਕਿ ਕੰਪਨੀ ਨੇ ਇਹ ਫਰਾਡ ਸਿਰਫ਼ ਕੇਂਦਰ ਸ਼ਾਸਿਤ ਕੇਸ ਜੰਮੂ-ਕਸ਼ਮੀਰ ਵਿੱਚ ਨਹੀਂ, ਹੋਰ ਰਾਜਾਂ ਵਿੱਚ ਵੀ ਕੀਤਾ ਹੈ। ਅਧਿਕਾਰੀ ਨੇਦ-ੱਸਿਆ ਕਿ ਵੀਵੋ ਦੇ ਸਾਬਕਾ ਡਾਇਰੈਕਟਰ ਨੇ ਫਰਜ਼ੀ ਨਾਵਾਂ ਉੱਤੇ ਸ਼ੈੱਲ ਕੰਪਨੀਆਂ ਬਣਾ ਕੇ ਇਨ੍ਹਾਂ ਕੰਪਨੀਆਂ ਦੀ ਵਰਤੋਂ ਭਾਰਤ ਵਿੱਚ ਟੈਕਸ ਚੋਰੀ ਲਈ ਕੀਤੀ ਤੇ ਇਨ੍ਹਾਂ ਰਾਹੀਂ ਹਜ਼ਾਰਾਂ ਕਰੋੜ ਰੁਪਏ ਚੀਨ ਅਤੇ ਹੋਰ ਦੇਸ਼ਾਂਨੂੰ ਭੇਜੇ ਗਏ। ਇਸ ਨਾਜਾਇਜ਼ ਕਮਾਈ ਦਾ ਕੁਝ ਹਿੱਸਾ ਹੋਰ ਕਾਰੋਬਾਰਾਂ ਵਿੱਚ ਵੀ ਲਾਉਣ ਦਾ ਸ਼ੱਕ ਹੈ।

ਅੱਜ ਮੰਗਲਵਾਰ ਨੂੰ ਈ ਡੀ ਅਧਿਕਾਰੀਆਂ ਨੇ ਜਿਹੜੇ 44 ਥਾਵਾਂ ਉੱਤੇ ਛਾਪੇ ਮਾਰੇ, ਉਹ ਦਿੱਲੀ, ਉੱਤਰ ਪ੍ਰਦੇਸ਼, ਜੰਮੂ-ਕਸ਼ਮੀਰ, ਮੇਘਾਲਿਆ, ਮਹਾਰਾਸ਼ਟਰ ਸਮੇਤ ਕਈ ਰਾਜਾਂ ਵਿੱਚ ਫੈਲੇ ਹਨ। ਅਧਿਕਾਰੀ ਨੇ ਛਾਪੇ ਵਿੱਚਕਈ ਅਹਿਮ ਦਸਤਾਵੇਜ਼ ਮਿਲਣ ਦਾ ਦਾਅਵਾ ਕੀਤਾ ਅਤੇ ਕਿਹਾ ਕਿ ਇਨ੍ਹਾਂ ਦੀ ਜਾਂਚ ਤੇ ਨਵੀਂ ਜਾਣਕਾਰੀ ਮਿਲਣ ਪਿੱਛੋਂ ਹੋਰ ਛਾਪੇ ਵੱਜ ਸਕਦੇ ਹਨ। ਟੈਕਸ ਚੋਰੀ ਤੇ ਵਿਦੇਸ਼ੀ ਕਰੰਸੀ ਪ੍ਰਬੰਧਨ ਕਾਨੂੰਨ (ਫੇਮਾ) ਦੀ ਉਲੰਘਣਾ ਦੇ ਦੋਸ਼ ਵਿੱਚ ਚੀਨੀ ਕੰਪਨੀਆਂ ਫਸ ਰਹੀਆਂ ਹਨ।ਬੀਤੇ ਅਪ੍ਰੈਲ ਵਿੱਚਈ ਡੀ ਨੇ ਸ਼ਾਓਮੀ ਨੂੰ ਫੇਮਾ ਦੀ ਉਲੰਘਣਾ ਦਾ ਦੋਸ਼ੀ ਦੱਸਿਆ ਤੇ ਉਸ ਦੇ 5,551 ਕਰੋੜ ਰੁਪਏ ਦੀ ਡਿਪਾਜ਼ਿਟ ਜ਼ਬਤ ਕਰਨ ਦਾ ਹੁਕਮ ਦਿੱਤਾ ਸੀ। ਫਰਵਰੀ ਵਿੱਚ ਹੁਆਵੇ ਖ਼ਿਲਾਫ਼ ਆਮਦਨ ਟੈਕਸ ਦੇ ਛਾਪੇ ਵਿੱਚ ਟੈਕਸ ਚੋਰੀ ਪਤਾ ਲੱਗੀ ਸੀ। ਪਿਛਲੇ ਦਸੰਬਰ ਵਿੱਚ ਸ਼ਾਓਮੀ, ਓਪੋ, ਵੀਵੋ ਅਤੇ ਇਨ੍ਹਾਂ ਦੇ ਡਿਸਟ੍ਰੀਬਿਊਟਰ ਤੇ ਸਾਥੀ ਕੰਪਨੀਆਂ ਉੱਤੇਟੈਕਸ ਛਾਪੇ ਵਿੱਚ 6,500 ਕਰੋੜ ਰੁਪਏ ਦੀ ਅਣਐਲਾਨੀ ਆਮਦਨ ਦੇ ਸਬੂਤ ਮਿਲੇ ਸਨ।









## ਮਕਲਿਊਰ ਸੀਨੀਅਰਜ਼ ਕਲੱਬ ਨੇ ਕਨੇਡਾ ਦਿਵਸ ਧੂਮ ਧਾਮ ਨਾਲ ਮਨਾਇਆ

(ਬਰੈਂਪਟਨ/ਬਾਸੀ ਹਰਚੰਦ) ਪਹਿਲੀ ਜੁਲਾਈ ਕਨੇਡਾ ਦੇ ਇਤਿਹਾਸ ਵਿੱਚ ਬੜੀ ਮਹੱਤਤਾ ਰਖਦਾ ਹੈ। ਇਸ ਦਿਨ ਨੂੰ ਸਰਕਾਰੀ ਪੱਧਰ ਤੇ ਅਤੇ ਵੱਖ ਵੱਖ ਸੰਸਥਾਵਾਂ ਵੱਲੋਂ ਬੜੀ ਸ਼ਰਧਾਂ ਨਾਲ ਮਨਾਇਆ ਜਾਂਦਾ ਹੈ। ਇਸੇ ਦੀ ਲੜੀ ਤਹਿਤ ਮਕਲਿਊਰ ਸੀਨੀਅਰਜ਼ ਕਲੱਬ ਨੇ ਜੈਨਿਗਜ਼ ਪਾਰਕ 49 ਪੈਰਿਟੀ ਰੋਡ ਵਿਖੇ ਬੜੀ ਸ਼ਰਧਾ ਅਤੇ ਧੂੰਮ ਧਾਮ ਨਾਲ ਮਨਾਇਆ। ਸੱਭ ਤੋਂ ਪਹਿਲਾਂ ਸਕੱਤਰ ਰਾਜਿੰਦਰ ਸਿੰਘ ਗਰੇਵਾਲ ਨੇ ਸਮਾਗਮ ਵਿੱਚ ਸਾਮਲ ਹੋਣ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ। ਉਪਰੰਤ ਕਲੱਬ ਦੇ ਪਰਧਾਨ ਹਰਬੰਸ ਸਿੰਘ ਸਿੱਧੂ ਨੇ ਸਟੇਜ ਸਕੱਤਰ ਦਾ ਰੋਲ ਅਦਾ ਕਰਦਿਆਂ ਸੱਭ ਨੂੰ ਜੀ ਆਇਆਂ ਕਿਹਾ। ਬਾਹਰੋਂ ਆਏ ਪਤਵੰਤੇ ਸੱਜਣਾ ਜਿੰਨਾਂ ਵਿੱਚ ਅਮਰਜੋਤ ਸਿੰਘ ਐਮ ਪੀ ਪੀ। ਅਸੋਸੀਏਸ਼ਨ ਆਫ ਸੀਨੀਅਰਜ਼ ਕਲੱਬ ਦੇ ਪਰਧਾਨ ਜੰਗੀਰ ਸਿੰਘ ਸੈਂਭੀ,ਡਾ:; ਬਲਜਿੰਦਰ ਸਿੰਘ ਸੇਖੋਂ,ਸਿਟੀ ਮੇਅਰ ਦੇ ਨੁਮਾਇੰਦੇ ਕੁਲਦੀਪ ਸਿੰਘ ਗੋਲੀ ਹਰਚੰਦ ਸਿੰਘ ਬਾਸੀ ਡਾ:; ਐਚ ਐਲ ਪਟੇਲ ਨੇ ਕਨੇਡਾ ਡੇ ਦੀ ਮਹੱਤਤਾ ਬਾਰੇ ਆਪਣੇ ਆਪਣੇ ਵਿਚਾਰ ਸਾਂਝੇ ਕੀਤੇ। ਕੈਸੀ ਕੈਂਬਲ ਤੋਂ ਪਰਧਾਨ ਸੁਭਾਸ਼ ਖੁਰਮੀ,ਕੌਂਸਲਰ ਰੋਨੇਜਾ ਅਤੇ ਰਿਜਨਲ ਕੌਂਸਲਰ ਮਿਸਟਰ ਪਾਲ ਵੀ ਸਮਾਗਮ ਵਿੱਚ ਹਿਸਾ ਲਿਆ। ਸਮਗਮ ਨੂੰ ਕਾਮਯਾਬ ਕਰਨ ਲਈ ਸੁਰਜੀਤ ਸਿੰਘ ਘੁੰਮਣ,ਕੈਸੀਅਰ ਕੀਰਤ ਸਿੰਘ,ਅਜੈਬ ਸਿੰਘ ਸਿਧੂ,ਗੁਰ-ਦੇਵ ਸਿੰਘ ਗਿੱਲ,ਜਸਵਿੰਦਰ ਸਿੰਘ ਖੈਰਾ ਆਦਿ ਸਮੂਹ ਮੈਂਬਰਾਂ ਨੇ ਸਮਾਗਮ ਦੀ ਸਫਲਤਾ ਲਈ ਸਹਿਯੋਗ ਕੀਤਾ। ਬੀਬਿਆਂ ਨੇ ਖੂਬ ਗਿੱਧਾ ਪਾ ਕੇ ਅਨੰਦ ਲਿਆ। ਗਿਆਨ ਸਿੰਘ ਸੰਧੂ, ਕੀਰਤ ਸਿੰਘ ਧਾਲੀਵਾਲ ਅਤੇ ਜਸਵਿੰਦਰ ਸਿੰਘ ਖੈਰਾ ਨੇ ਲੰਗਰ ਪਾਣੀ ਦੀ ਸੇਵਾ ਨਿਭਾਈ। ਅੰਤ ਵਿੱਚ ਪਰਧਾਨ ਜੀ ਨੇ ਸੱਭ ਕਲੱਬ ਮੈਂਬਰਾਂ ਦਾ ਅਤੇ ਬਾਹਰੋਂ ਆਏ ਮਹਿਮਾਨਾਂ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ

# ਮਾਨਵਤਾ ਦੇ ਭਲੇ ਲਈ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ




ਸਨੌਰ, 5 ਜੁਲਾਈ (ਪੋਸਟ ਬਿਊਰੋ): ਆਮ ਆਦਮੀ ਪਾਰਟੀ ਦੇ ਸਟੇਟ ਜੁਆਇੰਟ ਸੈਕਟਰੀ ਅਤੇ ਸਪੋਕ-ਸਪਰਸਨ ਬਲਜਿੰਦਰ ਸਿੰਘ ਢਿੱਲੋਂ ਵੱਲੋਂ ਹਰ ਸਾਲ ਦੀ ਤਰ੍ਹਾਂ ਆਪਣੇ ਅੰਤਰਰਾਸ਼ਟਰੀ ਦੌਰੇ ਤੋਂ ਇੱਕ ਦਿਨ ਪਹਿਲਾਂ ਆਪਣੇ ਕਾਰੋਬਾਰੀ ਸਥਾਨ ਢਿਲੋਂ ਫਨ ਵਰਲਡ ਵਿਖੇ, ਸਹਿਯੋਗੀ ਸੰਸਥਾ 'ਜਾਗਦੇ ਰਹੋ ਯੂਥ ਕਲੱਬ ਬਿਸਨਗੜ੍ਹ ਸੰਬੰਧਿਤ ਨਹਿਰੂ ਯੁਵਾ ਕੇਂਦਰ ਪਟਿਆਲਾ ਦੇ ਸਹਿਯੋਗ ਸਦਕਾ ਸਮੁੱਚੀ ਮਾਨਵਤਾ ਦੇ ਭਲੇ ਲਈ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਚ ਨੌਜਵਾਨਾਂ ਵੱਲੋਂ ਖ਼ੂਨਦਾਨ ਕੀਤਾ ਗਿਆ। ਇਸ ਮੌਕੇ ਬਲਜਿੰਦਰ ਸਿੰਘ ਢਿੱਲੋਂ ਕਿਹਾ ਕਿ ਖ਼ੂਨਦਾਨ ਮਹਾਂਦਾਨ ਹੈ, ਤੁਹਾਡੇ ਦਿੱਤਾ ਹੋਇਆ ਕਿਸੇ ਦੀ ਅਨਮੋਲ ਜਿੰਦਗੀ ਬਚਾ ਸਕਦਾ ਹੈ। ਜਾਗਦੇ ਰਹੋ ਕਲੱਬ ਦੇ ਕਾਰਜ ਸਲਾਘਾਯੋਗ ਹਨ,ਪਿਛਲੇ ਲੰਮੇ ਸਮੇਂ ਤੋਂ ਸਮਾਜ ਸੇਵਾ ਦੇ ਖੇਤਰ ਵਿੱਚ ਕੰਮ ਰਿਹਾ ਹੈ,ਜੋ ਕਿ ਨੇਕ ਅਤੇ ਸੱਚੀ ਸੇਵਾ ਹੈ। ਕਲੱਬ ਨੂੰ ਸਮੇਂ ਸਮੇਂ ਤੇ ਅਸੀਂ ਸਹਿਯੋਗ ਦਿੰਦੇ ਰਹਾਂਗੇ। ਖ਼ੂਨਦਾਨ ਕੈਂਪ ਦਾ ਰਸਮੀਂ ਉਦਘਾਟਨ ਸ:ਬਲਜਿੰਦਰ ਸਿੰਘ ਢਿੱਲੋਂ ਅਤੇ ਸਮੂਹ ਸਟਾਫ ਢਿੱਲੋਂ ਫਨ ਵਰਲਡ ਨੇ ਖ਼ੂਨਦਾਨ ਕਰਕੇ ਕੀਤਾ। ਇਸ ਮੌਕੇ ਵਰਧਮਾਨ ਮਹਾਂਵੀਰ ਬਲੱਡ ਸੈਂਟਰ ਵੱਲੋਂ ਡਾ:ਅੰਸੂ ਗਰਗ ਦੀ ਅਗਵਾਈ ਹੇਠ 58 ਯੂਨਿਟ ਖ਼ੂਨ ਇਕੱਤਰ ਕੀਤਾ ਅਤੇ ਇਹਨਾਂ ਖ਼ੂਨਦਾਨੀਆਂ ਨੇ ਢਿਲੋਂ ਫਨ ਵਰਲਡ ਦਾ ਮੁਫ਼ਤ ਅਨੰਦ ਮਾਨਿਆ । ਬਲਜਿੰਦਰ ਸਿੰਘ ਢਿੱਲੋਂ ਵੱਲੋਂ ਜਾਗਦੇ ਰਹੋ ਕਲੱਬ ਦੇ ਪ੍ਰਧਾਨ ਅਮਰਜੀਤ ਸਿੰਘ,ਨਹਿਰੂ ਯੁਵਾ ਕੇਂਦਰ ਪਟਿਆਲਾ (ਭਾਰਤ ਸਰਕਾਰ) ਤੋਂ ਮੈਡਮ ਅਮਰਜੀਤ ਕੌਰ,ਅਤੇ ਜੰਗਲਾਤ ਮਹਿਕਮੇ ਤੋਂ ਅਮਨਦੀਪ ਸਿੰਘ ਅਤੇ ਸਮੂਹ ਟੀਮ ਦਾ ਧੰਨਵਾਦ ਕਰਦਿਆਂ ਖ਼ੂਨਦਾਨੀਆਂ ਨੂੰ ਮੱਗ, ਸਰਟੀਫਿਕੇਟ,ਅਤੇ ਬੂਟੇ ਦੇ ਕੇ ਸਨਮਾਨਿਤ ਕੀਤਾ ਗਿਆ,ਤੇ ਵਾਤਾਵਰਣ ਸਬੰਧਤ ਜਾਗਰੂਕ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਪਿੰਗਲਵਾੜਾ ਸਨੌਰ ਤੋਂ ਬਾਬਾ ਬਲਬੀਰ ਸਿੰਘ, ਕੈਮਿਸਟ ਐਸੋਸੀਏਸ਼ਨ ਦੇ ਪ੍ਰਧਾਨ ਗੁਰਸ਼ਰਨ ਸਿੰਘ ਢਿੱਲੋ, ਨਵਤੇਜਪਾਲ ਸਿੰਘ ਧੰਜੂ, ਮਨਜੀਤ ਸਿੰਘ ਢਿੱਲੋਂ, ਲਖਵਿੰਦਰ ਸਿੰਘ ਢਿੱਲੋਂ,ਗੈਰੀ ਸਿੰਘ ਗਿੱਲ , ਮੈਨੇਜਰ ਕੇਵਲ ਕ੍ਰਿਸ਼ਨ,ਗੁਰਪਾਲ ਸਿੰਘ ਟ੍ਰੈਫਿਕ ਇੰਚਾਰਜ ਸਨੌਰ, ਤਰਸੇਮ ਸਿੰਘ ਏ.ਐੱਸ.ਆਈ.ਲਾਲ ਚੰਦ ਏ.ਐੱਸ.ਆਈ.ਹਰਮੀਤ ਸਿੰਘ ਸਰਪੰਚ ਸਿੰਘਪੁਰਾ, ਬਿਕਰਮਜੀਤ ਸਿੰਘ ਫੌਜੀ, ਹਰਦੀਪ ਸਿੰਘ ਕਨਵੀਨਰ ਭਾਜਪਾ ਹਲਕਾ ਸਨੌਰ, ਦੀਦਾਰ ਸਿੰਘ , ਸੰਜੀਵ ਸਰਮਾਂ ਸਨੌਰ, ਅਮਰਜੀਤ ਸਿੰਘ ਭਾਂਖਰ, ਲਖਵਿੰਦਰ ਸਿੰਘ ਬਡਲਾ, ਤੇਜਿੰਦਰ ਸਿੰਘ ਮੰਡੌਰ, ਮੀਡੀਆ ਸਲਾਹਕਾਰ ਰਾਜਿੰਦਰ ਸਿੰਘ ਕੋਹਲੀ ਹਾਜ਼ਰ ਰਹੇ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



# Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ, ਕੱਦ 5 ਫੁੱਟ 8 ਇੰਚ, ਉਮਰ 33 ਸਾਲ, ਗੋਰਾ ਰੰਗ, ਕਲੀਨ ਸ਼ੇਵਨ ਲਈ ਇਕ ਸੁੰਦਰ ਤੇ ਸੁਸ਼ੀਲ ਲੜਕੀ ਦੀ ਲੋੜ ਹੈ, ਜੋ ਕਿ ਕੈਨੇਡਾ ਵਿਚ ਰਹਿੰਦੀ ਹੋਵੇ। ਲੜਕਾ ਇਟਲੀ ਦਾ ਸਿਟੀਜਨ ਹੈ ਅਤੇ ਅੱਜਕੱਲ੍ਹ ਕੈਨੇਡਾ ਵਿਚ ਵਰਕ ਪਰਮਿਟ ਉਤੇ ਕੰਮ ਕਰ ਰਿਹਾ ਹੈ। ਸੰਪਰਕ:- 647-449-6746 (ਰਮਨੀਕ), ਈ ਮੇਲ - info4ramnik@yahoo.ca

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 31 ਸਾਲ ਕੱਦ 5 ਫੁੱਟ 6 ਇੰਚ ਕੈਨੇਡੀਅਨ ਸਿਟੀਜ਼ਨ ਪਰਿਵਾਰਕ ਲੜਕੀ ਲਈ ਪੜ੍ਹੇ ਲਿਖੇ ਵੈੱਲ ਸੈਟਲਡ ਪਰਿਵਾਰਕ ਲੜਕੇ ਦੀ ਲੋੜ਼ ਹੈ ਜਾਣਕਾਰੀ ਲਈ 6475268700, 4166253208

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com







ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)










## ਕੇਅਰ ਗਿਵਰ ਦੀ ਲੋੜ



ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। 'PR' ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**



# ਨਸ਼ਿਆਂ ਦੀ ਚੁਨੌਤੀ ਅਤੇ ਪੰਜਾਬ ਸਰਕਾਰ ਦੀਆਂ ਤਰਜੀਹਾਂ ਕੀ ਹੋਣ?

ਪ੍ਰੋ: ਸਰਚਾਂਦ ਸਿੰਘ ਖਿਆਲਾ

ਪਿਛਲੇ ਕੁਝ ਦਹਾਕਿਆਂ ਤੋਂ ਅੱਲ੍ਹੜ ਵਰ੍ਹੇਸ ਨੌਜਵਾਨੀ ਦਾ ਨਸ਼ਿਆਂ ਦੀ ਮਾਰ ਨਾਲ ਬਹੁਤ ਬੁਰੀ ਤਰਾਂ ਪ੍ਰਭਾਵਿਤ ਹੋਣਾ ਦੇਸ਼ ਤੇ ਸਮਾਜ ਲਈ ਇਕ ਵੱਡੀ ਸਮੱਸਿਆ ਬਣ ਚੁੱਕੀ ਹੈ। ਕਿਸੇ ਸਮੇਂ ਸਭ ਤੋਂ ਵਿਕਸਿਤ ਸੂਬਿਆਂ 'ਚੋਂ ਇਕ ਮੰਨਿਆ ਜਾਂਦਾ ਪੰਜਾਬ ਬਹੁਤ ਲੰਮੇ ਸਮੇਂ ਤੋਂ ਨਸ਼ਿਆਂ ਦੀ ਮਹਾਂਮਾਰੀ ਦਾ ਸਾਹਮਣਾ ਕਰ ਰਿਹਾ ਹੈ। ਨਜਾਇਜ਼ ਤੇ ਮਾਰੂ ਨਸ਼ਿਆਂ ਨੇ ਪੰਜਾਬ ਦੇ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਬਹੁਤ ਸਾਰੇ ਨੌਜਵਾਨਾਂ ਦੀਆਂ ਜ਼ਿੰਦਗੀਆਂ ਬਰਬਾਦ ਕਰ ਦਿੱਤੀਆਂ ਹਨ।ਅਜਿਹਾ ਕੋਈ ਦਿਨ ਨਹੀਂ ਚੜ੍ਹਦਾ ਜਿਸ ਦਿਨ ਦੀ ਅਖ਼ਬਾਰ 'ਚ ਘੱਟੋ ਘਟ ਚਾਰ ਨੌਜਵਾਨਾਂ ਦੀ ਨਸ਼ਿਆਂ ਦੇ ਓਵਰ ਡੋਜ਼ ਨਾਲ ਬੇਵਕਤੀ ਮੌਤ ਅਤੇ ਚਾਰ ਥਾਈਂ ਕਰੋੜਾਂ ਦੇ ਨਸ਼ੀਲੇ ਪਦਾਰਥ ਫੜੇ ਜਾਣ ਦੀ ਖ਼ਬਰ ਨਾ ਛਪੀ ਹੋਵੇ। ਹਰ ਰੋਜ਼ ਪੁਲੀਸ ਵੱਲੋਂ ਭਾਰੀ ਮਾਤਰਾ ਵਿਚ ਹੀਰੋਇਨ ਵਰਗੇ ਮਾਰੂ ਨਸ਼ਿਆਂ ਦਾ ਫੜਿਆ ਜਾਣਾ ਤਾਂ ਕੇਵਲ 'ਆਈਸ ਬਰਗ' ਹੀ ਕਿਹਾ ਜਾਵੇਗਾ। ਦਰਅਸਲ ਇਸ ਗੈਰ ਕਾਨੂੰਨੀ ਤੇ ਗੈਰ ਸਮਾਜਿਕ ਧੰਦੇ ਦਾ ਪਸਾਰਾ ਵੱਡੇ ਪੈਮਾਨੇ 'ਤ ਫੈਲਿਆ ਹੋਇਆ ਹੈ।

ਪੰਜਾਬ ਵਿੱਚ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੀ ਮੰਗ ਦੀ ਸਭ ਤੋਂ ਵਿਸ਼ੇਸ਼ ਵਿਸ਼ੇਸ਼ਤਾ ਇਹ ਹੈ ਕਿ ਇਹ ਸਥਾਨਕ, ਅੰਤਰਰਾਜੀ ਅਤੇ ਅੰਤਰਰਾਸ਼ਟਰੀ ਅਪਰਾਧਿਕ ਗਰੋਹਾਂ ਦੁਆਰਾ ਨਿਯੰਤਰਿਤ ਸਪਲਾਈ ਨੈੱਟਵਰਕ ਦੁਆਰਾ ਰਾਜ ਦੇ ਬਾਹਰੋਂ ਪੂਰੀ ਕੀਤੀ ਜਾਂਦੀ ਹੈ। ਕੁਝ ਸਮੇਂ ਲਈ, ਕੁਝ ਸਿੰਥੈਟਿਕ ਡਰੱਗਜ਼ (ਆਈਸੀਈ/ਕ੍ਰਿਸਟਲ ਮੇਥਾਮਫੇਟਾਮਾਈਨ) ਰਾਜ ਵਿੱਚ ਕੁਝ ਥਾਵਾਂ 'ਤੇ ਬਣਾਈਆਂ ਗਈਆਂ ਸਨ ਪਰ ਇਨ੍ਹਾਂ ਲੈਬਾਂ ਦਾ ਖ਼ਾਤਮਾ ਕਰ ਦਿੱਤਾ ਗਿਆ ਸੀ। ਜੂਨ 2012 ਅਤੇ ਮਾਰਚ 2013 ਵਿੱਚ ਬਹੁ-ਕਰੋੜੀ ਸਿੰਥੈਟਿਕ ਡਰੱਗ ਰੈਕਟ ਦਾ ਪਰਦਾਫਾਸ਼ ਕੀਤਾ ਗਿਆ ਸੀ।

ਨਸ਼ਿਆਂ ਦੇ ਧੰਦੇ ਦੀਆਂ ਤਾਰਾਂ ਸਰਹੱਦ ਪਾਰ ਨਾਲ ਜੁੜੀਆਂ ਹੋਈਆਂ ਹਨ। ਸਾਡਾ ਰਵਾਇਤੀ ਦੁਸ਼ਮਣ ਦੇਸ਼ ਪਾਕਿਸਤਾਨ ਆਹਮੋ ਸਾਹਮਣੇ ਦੀਆਂ ਲੜਾਈਆਂ 'ਚ ਭਾਰਤ ਤੋਂ ਬੁਰੀ ਤਰਾਂ ਮਾਤ ਖਾ ਚੁੱਕਿਆ ਹੈ। ਉਹ ਹੁਣ ਭਾਰਤ ਨੂੰ ਕਮਜ਼ੋਰ ਕਰਨ ਲਈ ਨਸ਼ਿਆਂ ਦਾ ਸਹਾਰਾ ਲੈ ਰਿਹਾ ਹੈ। ਨੌਜਵਾਨ ਸ਼ਕਤੀ ਨੂੰ ਤਬਾਹ ਕਰਨ ਹਿਤ ਸਰਹੱਦ ਪਾਰੋਂ ਭਾਰੀ ਮਾਤਰਾ 'ਚ ਨਸ਼ੀਲੇ ਪਦਾਰਥਾਂ ਇੱਧਰ ਨੂੰ ਭੇਜ ਰਿਹਾ ਹੈ। ਜ਼ਿਆਦਾਤਰ ਸਰਹੱਦ ਕੋਲ ਬੈਠੇ ਸਾਡੇ ਹੀ ਲੋਕਾਂ ਨੂੰ ਲਾਲਚ ਦੇ ਕੇ ਇਸ ਧੰਦੇ 'ਚ ਫਸਾਏ ਜਾ ਰਹੇ ਹਨ। ਆਈ ਐਸ ਆਈ, ਆਤੰਕੀ ਗਰੁੱਪਾਂ ਅਤੇ ਸਮਗਲਰਾਂ ਦੀ ਆਪਸੀ ਗੱਠਜੋੜ ਨੇ ਹਾਲ ਹੀ 'ਚ ਡਰੋਨਾਂ ਰਾਹੀਂ ਮਾਰੂ ਹਥਿਆਰਾਂ ਤੋਂ ਇਲਾਵਾ ਭਾਰੀ ਮਾਤਰਾ 'ਚ ਨਸ਼ੀਲੇ ਪਦਾਰਥਾਂ ਨੂੰ ਭਾਰਤ ਭੇਜਣ 'ਚ ਤੇਜ਼ੀ ਦਿਖਾਈ ਹੈ। ਪੰਜਾਬ ਸਰਹੱਦ 'ਤੇ ਡਰੋਨਾਂ ਦੀ ਸਰਗਰਮੀ ਨੇ ਸੁਰੱਖਿਆ ਏਜੰਸੀਆਂ ਨੂੰ ਚੁਕੰਨਾ ਕੀਤਾ ਹੋਇਆ ਹੈ। ਨਸ਼ਾ ਸਾਡੀ ਨੌਜਵਾਨ ਪੀੜੀ ਨੂੰ ਘੁਣ ਵਾਂਗ ਖਾਂਦਾ ਜਾ ਰਿਹਾ ਹੈ। ਇਸ ਦੀ ਗ੍ਰਿਫ਼ਤ 'ਚੋਂ ਬਾਹਰ ਨਿਕਲ ਸਕਣਾ ਸਾਡੇ ਬਚਿਆਂ ਲਈ ਚੁਨੌਤੀ ਬਣ ਚੁੱਕੀ ਹੈ। ਚਿੰਤਾ ਵਾਲੀ ਗਲ ਤਾਂ ਇਹ ਵੀ ਹੈ ਕਿ ਕਈ ਮਾਮਲਿਆਂ ਵਿਚ ਸਿਆਸੀ ਆਗੂਆਂ ਵਲੋਂ ਇਸ ਨਾ ਪਾਕ ਧੰਦੇ ਦੀ ਪੁਸ਼ਤ ਪਨਾਹੀਂ ਦੇਖੀ ਜਾ ਰਹੀ ਹੈ ਤਾਂ ਦੂਜੇ ਪਾਸੇ ਇਹ ਧੰਦਾ ਕੇਵਲ ਮਰਦਾਂ ਤਕ ਹੀ ਸੀਮਤ ਨਹੀਂ ਰਿਹਾ, ਔਰਤਾਂ ਦੀ ਸਾਹਮਣੇ ਆਈ ਹਿੱਸੇਦਾਰੀ ਸਮਾਜ ਲਈ ਵੀ ਵੱਡੀ ਚੁਨੌਤੀ ਬਣ ਚੁੱਕੀ ਹੈ। ਔਰਤਾਂ ਘਟ ਸ਼ੱਕ ਦੇ ਘੇਰੇ 'ਚ ਆਉਂਦੀਆਂ ਹਨ। ਉਨ੍ਹਾਂ ਰਾਹੀਂ ਸਮਾਨ ਨੂੰ ਇਕ ਥਾਂ ਤੋਂ ਦੂਜੇ ਥਾਂ ਕਰਵਾਉਣਾ ਆਸਾਨ ਹੈ। ਸਮਾਜ ਲਈ ਸ਼ਰਮਸਾਰ ਵਾਲੀ ਗਲ ਤਾਂ ਇਹ ਹੈ ਕਿ ਕੁਝ ਲੜਕੀਆਂ ਪੜਾਈ ਦੀ ਆੜ 'ਚ ਹੀਰੋਇਨ ਵਰਗੇ ਨਸ਼ਿਆਂ ਦੀ ਧੰਦੇ ਦੇ ਸਪਲਾਈ 'ਚ ਲੱਗੀਆਂ ਹੋਈਆਂ ਹਨ। ਹਾਲ ਹੀ 'ਚ ਕੁਝ ਸਮੇਂ ਪਹਿਲਾਂ ਕਾਊਂਟਰ ਇੰਟੈਲੀਜੈਂਸ ਨੇ ਅੰਮ੍ਰਿਤਸਰ ਤੋਂ ਇਕ ਨਾਮੀ ਕਾਲਜ 'ਚ ਪੜ੍ਹਦੀ ਕੋਟਕਪੂਰੇ ਦੀ ਲੜਕੀ ਨੂੰ ਆਪਣੇ ਦੋ ਸਾਥੀਆਂ ਸਮੇਤ ਗ੍ਰਿਫ਼ਤਾਰ ਕਰਦਿਆਂ ਉਨ੍ਹਾਂ ਦੇ ਕਬਜ਼ੇ 'ਚੋਂ 30 ਕਰੋੜ ਰੁਪਏ ਦੀ 6 ਕਿੱਲੋ ਹੀਰੋਇਨ ਬਰਾਮਦ ਕੀਤਾ। ਇਹ ਖੇਪ ਉਸ ਦੇ ਸਾਥੀਆਂ ਨੇ ਪਾਕਿਸਤਾਨ ਤੋਂ ਮੰਗਵਾਈ ਸੀ ਅਤੇ ਇਸ ਨੂੰ ਦਿਲੀ ਭੇਜਿਆ ਜਾਣਾ ਸੀ।

ਗੈਂਗ ਕਲਚਰ ਇਸ ਦੀ ਅਗਲੀ ਕੜੀ ਹੈ। ਇਨ੍ਹਾਂ ਅਲਾਮਤਾਂ ਤੋਂ ਡਰਦਿਆਂ ਮਾਪੇ ਆਪਣੇ ਬਚਿਆਂ ਨੂੰ ਪੜਾਈ ਦੇ ਬਹਾਨੇ ਵਿਦੇਸ਼ਾਂ ਵਿਚ ਭੇਜਣ ਨੂੰ ਤਰਜੀਹ ਦੇ ਰਹੇ ਹਨ। ਪੜਾਈ ਅਤੇ ਰੁਜ਼ਗਾਰ ਦੇ ਬਹਾਨੇ ਨੌਜਵਾਨੀ ਦਾ ਵਿਦੇਸ਼ਾਂ ਨੂੰ ਪਲਾਇਨ ਕਰਨਾ ਵੀ ਇਕ ਰਾਸ਼ਟਰੀ ਸਮੱਸਿਆ ਤੋਂ ਘਟ ਨਹੀਂ। ਨਸ਼ਿਆਂ ਦੇ ਪਸਾਰੇ ਲਈ ਪਾਕਿਸਤਾਨ ਵੱਲੋਂ ਖੜੀ ਕੀਤੀ ਗਈ ਚੁਨੌਤੀ ਤੋਂ ਇਲਾਵਾ ਖੇਤੀਬਾੜੀ ਸੰਕਟ, ਨੌਕਰੀ ਦੇ ਮੌਕਿਆਂ ਦੀ ਕਮੀ, ਨਸ਼ੀਲੇ ਪਦਾਰਥਾਂ ਦੀ ਅਸਾਨੀ ਨਾਲ ਉਪਲਬਧਤਾ, ਨਸ਼ੀਲੀਆਂ ਦਵਾਈਆਂ ਦੇ ਸੰਗਠਨਾਂ, ਸੰਗਠਿਤ ਅਪਰਾਧਿਕ ਗਿਰੋਹਾਂ, ਸਿਆਸਤਦਾਨਾਂ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਧੋਖੇਬਾਜ਼ ਤੱਤਾਂ ਵਿਚਕਾਰ ਸਬੰਧ ਵੀ ਅਹਿਮ ਰੋਲ ਅਦਾ ਕਰਦੇ ਹਨ।

ਸਾਡੀਆਂ ਸਰਕਾਰਾਂ ਦਾ ਲੰਮੇ ਸਮੇਂ ਤੋਂ ਟੀਚਾ ਨਸ਼ਿਆਂ ਨੂੰ ਖ਼ਤਮ ਕਰਨ ਦਾ ਰਿਹਾ ਹੈ। ਬੇਸ਼ੱਕ ਪਿਛਲੀ ਕਾਂਗਰਸ ਸਰਕਾਰ ਨੂੰ ਪੂਰੀ ਕੋਸ਼ਿਸ਼ ਦੇ ਬਾਵਜੂਦ ਇਸ ਕਾਰਜ 'ਚ ਕਾਮਯਾਬੀ ਨਹੀਂ ਮਿਲ ਸਕੀ। ਮਾਹਿਰਾਂ ਦਾ ਮੰਨਣਾ ਹੈ ਕਿ ਸਿਹਤ ਅਤੇ ਭਲਾਈ ਦੀਆਂ ਯੋਜਨਾਵਾਂ ਨਸ਼ਿਆਂ ਤੋਂ ਪ੍ਰਭਾਵਿਤ ਲੱਖਾਂ ਲੋਕਾਂ ਤੱਕ ਨਹੀਂ ਪਹੁੰਚਦੀਆਂ ਹਨ। ਪੰਜਾਬ ਲਈ ਇਹ ਚਿੰਤਾ ਦਾ ਵਿਸ਼ਾ ਹੈ ਕਿ ਅੱਜ ਕਿਰਤ ਸਭਿਆਚਾਰ ਦੀ ਥਾਂ ਮੁਫ਼ਤਖ਼ੋਰੀ ਅਤੇ ਨਸ਼ਿਆਂ ਨੇ ਲੈ ਲਈ ਹੈ। ਕਿਰਤ ਸੰਸਕ੍ਰਿਤੀ ਨੂੰ ਪ੍ਰਭਾਵਹੀਣ ਕਰਨ 'ਚ ਸਰਕਾਰਾਂ ਵੱਲੋਂ ਬਿਨਾ ਸੋਚੇ ਸਮਝੇ ਹੀ ਫ਼ਰੀ ਦੀਆਂ ਸਹੂਲਤਾਂ ਦੇਣੀਆਂ ਅਤੇ ਰੁਜ਼ਗਾਰ ਦੇ ਮੌਕਿਆਂ ਦਾ ਮਨਫ਼ੀ ਹੋ ਰਿਹਾ ਹੋਣਾ ਵੀ ਇਕ ਮਜ਼ਬੂਤ ਕਾਰਨ ਹੈ। ਝੂਠੇ ਵਾਅਦਿਆਂ ਤੋਂ ਅੱਕੀ ਜਨਤਾ ਨੇ ਵੱਡੀ ਸਿਆਸੀ ਤਬਦੀਲੀ ਲਿਆਉਂਦਿਆਂ ਸੂਬੇ ਦੀ ਵਾਗਡੋਰ ਆਪ ਨੂੰ ਸੌਂਪੀ ਹੈ। 'ਆਪ' ਦੀ ਸਰਕਾਰ ਨੂੰ ਨਸ਼ਿਆਂ ਨੂੰ ਖ਼ਤਮ ਕਰਨ ਦੀ ਗੰਭੀਰ ਚੁਨੌਤੀ ਵਿਰਾਸਤ ਵਿਚ ਮਿਲੀ ਹੈ। ਇਸ ਨੂੰ ਠੱਲ੍ਹ ਪਾਉਣ ਲਈ ਪ੍ਰਭਾਵਸ਼ਾਲੀ ਕਦਮ ਚੁੱਕਣ ਪ੍ਰਤੀ ਸਰਕਾਰ ਨੂੰ ਠੋਸ ਪਹਿਲ ਕਦਮੀ ਕਰਨ ਦੀ ਲੋੜ ਹੈ। ਬੇਸ਼ੱਕ ਨਸ਼ਿਆਂ ਪ੍ਰਤੀ ਜ਼ੀਰੋ ਟਾਲਰੈਂਸ ਦੀ ਨੀਤੀ ਤਹਿਤ ਪੁਲਿਸ ਨੂੰ ਆਪਣਾ ਧਿਆਨ ਨਸ਼ਿਆਂ ਦੀ ਸਪਲਾਈ ਅਤੇ ਵੰਡਣ ਵਾਲਿਆਂ 'ਤੇ ਕੇਂਦਰਿਤ ਕਰਨ ਦੀਆਂ ਹਦਾਇਤਾਂ ਕੀਤੀਆਂ ਗਈਆਂ ਹਨ। ਫਿਰ ਵੀ, ਸੂਬੇ 'ਚ ਨਸ਼ਿਆਂ ਦੀ ਸਮੱਸਿਆ ਨਾਲ ਨਜਿੱਠਣ ਲਈ ਸਰਕਾਰ ਨੂੰ ਨਸ਼ਾ ਛੁਡਾਊ ਕੇਂਦਰਾਂ ਦੀਆਂ ਵਰਤਮਾਨ ਹਾਲਤਾਂ ਵਿੱਚ ਸੁਧਾਰ ਕੀਤਾ ਜਾਣਾ ਚਾਹੀਦਾ ਹੈ। ਨਸ਼ਿਆਂ ਦੀ ਮੰਗ ਨੂੰ ਘਟਾਉਣ ਲਈ ਨਸ਼ਿਆਂ ਦੀ ਦੁਰਵਰਤੋਂ ਬਾਰੇ ਜਨਤਕ ਜਾਗਰੂਕਤਾ ਪੈਦਾ ਕਰਨ ਦੀ ਕੋਸ਼ਿਸ਼ ਸਮੇਂ ਦੀ ਮੰਗ ਹੈ। ਖੇਡ ਸਭਿਆਚਾਰ ਨੂੰ ਪ੍ਰਫੁਲਿਤ ਕਰਦਿਆਂ ਨਸ਼ਿਆਂ ਦੀ ਲੱਤ ਨੂੰ ਠੱਲ੍ਹ ਪਾਉਣ ਲਈ ਸਾਰਥਿਕ, ਉਸਾਰੂ ਤੇ ਠੋਸ ਖੇਡ ਨੀਤੀ ਉਲੀਕੀ ਜਾਣੀ ਚਾਹੀਦੀ ਹੈ। ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਾ ਮੁਕਤ ਕਰਨ ਹਿਤ ਨਸ਼ਿਆਂ ਦੀ ਵਰਤੋਂ ਕਰਨ ਵਾਲਿਆਂ ਨਾਲ ਮਰੀਜ਼ ਵਾਂਗ ਵਿਵਹਾਰ ਕੀਤਾ ਜਾਵੇ। ਮਾਨਸਿਕ ਰੋਗਾਂ ਨਾਲ ਜੂਝ ਰਹੇ ਇਨ੍ਹਾਂ ਨਸ਼ੇੜੀਆਂ ਨੂੰ ਅਪਰਾਧੀ ਨਹੀਂ ਸਗੋਂ ਪੀੜਤਾਂ ਦੇ ਰੂਪ ਵਿਚ ਦੇਖਿਆ ਜਾਣਾ ਚਾਹੀਦਾ ਹੈ। ਅੱਜ ਸਮਾਜ 'ਚ ਨਸ਼ਾਖੋਰੀ ਪ੍ਰਤੀ ਜਾਗਰੂਕਤਾ ਪੈਦਾ ਹੋਣ ਨਾਲ ਨਸ਼ਾ ਛੁਡਾਊ ਕੇਂਦਰਾਂ ਵਿਚ ਆਪਣੇ ਤੌਰ 'ਤੇ ਇਲਾਜ ਕਰਾਉਣ ਲਈ ਆਉਣ ਵਾਲੇ ਨੌਜਵਾਨਾਂ ਦੀ ਗਿਣਤੀ ਦੋ ਗੁਣੀ ਹੋਈ ਹੈ। ਹੁਣ ਪੰਜਾਬ ਵਿਚ ਮੁੜ ਵਸੇਬਾ ਕੇਂਦਰਾਂ ਦੀ ਗਿਣਤੀ ਵਧਾਉਣ ਦੀ ਲੋੜ ਹੈ। ਪੰਜਾਬ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਸਰਕਾਰ ਵਲੋਂ ਵਿੱਤੀ ਏਜੰਸੀਆਂ ਅਤੇ ਨਿੱਜੀ ਅਦਾਰਿਆਂ ਨੂੰ ਪੰਜਾਬ ਵਿਚ ਭਾਰੀ ਪੂੰਜੀ ਨਿਵੇਸ਼ ਕਰਨ ਲਈ ਮਨਾਏ ਜਾਣ ਨੂੰ ਪ੍ਰਥਮ ਏਜੰਡੇ 'ਚ ਸ਼ਾਮਿਲ ਕਰਨ ਦੀ ਲੋੜ ਹੈ। ਸਰਕਾਰੀ ਵਿਭਾਗਾਂ ਵਿਚ ਖ਼ਾਲੀ ਅਸਾਮੀਆਂ ਭਰਨ ਦੀ ਪ੍ਰਕਿਰਿਆ ਤੇਜ਼ ਕੀਤਾ ਜਾਵੇ ਅਤੇ ਕੇਂਦਰੀ ਸਕੀਮਾਂ ਤੋਂ ਲਾਭ ਲਿਆ ਜਾਵੇ। ਕੇਂਦਰੀ ਵਿੱਤੀ ਸਕੀਮਾਂ ਜਿਵੇਂ ਕਿ ਪ੍ਰਧਾਨ ਮੰਤਰੀ ਮੁਦਰਾ ਯੋਜਨਾ ਤਹਿਤ ਉੱਦਮੀਆਂ ਨੂੰ ਕਾਰੋਬਾਰ ਕਰਨ ਲਈ ਕਰਜ਼ਾ ਯੋਜਨਾ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ। ਕੇਂਦਰ ਸਰਕਾਰ ਵਲੋਂ ਪੀ.ਐਮ - 6 ਯੋਜਨਾ ਸਕੀਮ ਤਹਿਤ ਨਸ਼ਾਖੋਰੀ ਖ਼ਿਲਾਫ਼ ਜਾਗਰੂਕਤਾ ਦੇ ਖੇਤਰ ਵਿਚ 3 ਸਾਲ ਤੋਂ ਕੰਮ ਕਰ ਰਹੀਆਂ ਗੈਰ-ਸਰਕਾਰੀ ਸੰਸਥਾਵਾਂ ਨੂੰ ਵਿੱਤੀ ਮਦਦ ਪ੍ਰਦਾਨ ਕੀਤੀ ਜਾ ਰਹੀ ਹੈ। ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲਾ ਦੀ ਇਕ ਸਕੀਮ 'ਮੁੜ-ਵੇਸਵਾ ਅਤੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਦੀ ਰੋਕਥਾਮ ਅਤੇ ਸਮਾਜਿਕ ਸੁਰੱਖਿਆ ਸੇਵਾਵਾਂ ਹਿਤ ਯੋਜਨਾ' ਤਹਿਤ ਸਲਾਹ, ਨਸ਼ਾ ਛੁਡਾਉਣਾ, ਇਲਾਜ ਤੋਂ ਬਾਦ ਧਿਆਨ ਅਤੇ ਨਸ਼ੇੜੀ ਦੀ ਸਮੁੱਚੀ ਰਿਕਵਰੀ ਹਿਤ ਮੁੜ-ਵਸੇਬਾ ਇਸ ਦੇ ਅੰਗ ਹਨ। ਵਰਤਮਾਨ ਵਿੱਚ ਗ਼ੈਰ-ਸਰਕਾਰੀ ਸੰਗਠਨਾਂ ਅਤੇ ਰੋਜ਼ਗਾਰਦਾਤਾਵਾਂ ਨੂੰ ਮੁੱਖ ਤੌਰ ਤੇ ਜਾਗਰੂਕਤਾ ਅਤੇ ਰੋਕਥਾਮ ਸਿੱਖਿਆ, ਨਸ਼ਾ ਜਾਗਰੂਕਤਾ ਅਤੇ ਸਲਾਹ ਕੇਂਦਰ, ਨਸ਼ਾ ਛੁਡਾਊ ਕੇਂਦਰਾਂ ਲਈ ਏਕੀਕ੍ਰਿਤ ਪੁਨਰਵਾਸ ਕੇਂਦਰ (ਆਈ.ਆਰ.ਸੀ.ਏ.),ਵਰਕ-ਪਲੇਸ ਰੋਕਥਾਮ ਪ੍ਰੋਗਰਾਮ (ਡਬਲਿਯੂਪੀਪੀ), ਨਸ਼ਾ ਛੁਡਾਊ ਕੈਂਪ, ਕਮਿਊਨਿਟੀ ਅਧਾਰਿਤ ਮੁੜ ਵਸੇਬੇ ਨੂੰ ਮਜ਼ਬੂਤ ਕਰਨ ਲਈ ਨਵੀਨਤਾਕਾਰੀ ਦਖਲਅੰਦਾਜ਼ੀ, ਤਕਨੀਕੀ ਅਦਲਾ ਬਦਲੀ ਅਤੇ ਜਨ ਸ਼ਕਤੀ ਵਿਕਾਸ ਪ੍ਰੋਗਰਾਮ ਲਈ ਕੇਂਦਰ ਸਰਕਾਰ ਵਲੋਂ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ। ਜਿਨ੍ਹਾਂ ਦਾ ਲਾਭ ਲੋਕ ਹਿਤ 'ਚ ਲਿਆ ਜਾਣਾ ਚਾਹੀਦਾ ਹੈ।

## ਵਿਅੰਗ: ਆਖਰੀ ਪੌਡੇ ਵਾਲੇ ਨਾਲ ਗੱਲਬਾਤ

ਆਖਰੀ ਪੌਡੇ ਉੱਤੇ ਖੜ੍ਹੇ ਇੱਕ ਵਿਅਕਤੀ ਨੂੰ ਅਸੀਂ ਆਖਿਆ, "ਵੀਰ, ਤੂੰ ਅਸਥਿਰ ਹਾਲਤ ਵਿੱਚ ਖੜ੍ਹਾ ਜਾਪਦਾ ਏਂ। ਜ਼ਰਾ ਧਿਆਨ ਨਾਲ, ਸਾਵਧਾਨੀ ਵਰਤ ਕੇ ਖੜ੍ਹਾ ਹੋ। ਜੇ ਕਦੇ ਡਿੱਗ-ਡੁੱਗ ਗਿਆ, ਤਾਂ ਤੈਨੂੰ ਸੱਟ-ਫੇਟ ਲੱਗ ਸਕਦੀ ਹੈ ਜਾਂ ਤੇਰੀ ਹੱਡੀ-ਪੱਸਲੀ ਟੁੱਟ ਸਕਦੀ ਹੈ।"

ਉਸ ਵਿਅਕਤੀ ਨੇ ਧੌਣ ਘੁਮਾ ਕੇ ਸਾਡੀਆਂ ਜਗਦੀਆਂ-ਬੁਝਦੀਆਂ (ਅੱਧ ਮੀਚੀਆਂ) ਅੱਖਾਂ ਵੱਲ ਵੇਖਿਆ ਤੇ ਹੱਸ ਕੇ ਬੋਲਿਆ, "ਲੱਗਦੈ ਕਿ ਤੈਨੂੰ ਆਖਰੀ ਪੌਡੇ ਉੱਤੇ ਖੜ੍ਹੇ, ਫਸ ਕੇ ਬੈਠੇ ਜਾਂ ਤਿਲਕਣ ਦੀ ਹਾਲਤ ਵਿੱਚ ਪਹੁੰਚੇ ਲੋਕਾਂ ਨਾਲ ਬਹੁਤ ਹਮਦਰਦੀ ਹੈ। ਤਾਹੀਓਂ ਤੈਨੂੰ ਮੇਰੀ ਚਿੰਤਾ ਹੋ ਰਹੀ ਏ।"

"ਹਾਂ, ਭਰਾਵਾ! ਕਈ ਲੋਕਾਂ ਨੂੰ ਆਖਰੀ ਪੌਡੇ ਉੱਤੇ ਖੜ੍ਹੇ ਜਾਂ ਬੈਠੇ ਲੋਕਾਂ ਦੀ ਬਹੁਤ ਭਾਰੀ ਚਿੰਤਾ ਹੁੰਦੀ ਹੈ। ਇਸ ਕਾਰਨ ਮੈਨੂੰ ਵੀ ਹੋ ਰਹੀ ਹੈ। ਜੇ ਕੋਈ ਆਦਮੀ ਭਰੀ-ਭਕੁੰਨੀ ਬਸ ਦੇ ਅੰਦਰ ਵੜ ਨਹੀਂ ਸਕਦਾ, ਤਾਂ ਉਸ ਨੂੰ ਬਸ ਦੇ ਦਰਵਾਜ਼ੇ ਦੇ ਪੌਡੇ ਉੱਤੇ ਖੜ੍ਹ ਕੇ ਜਾਂ ਪਿੱਛੇ ਡੋਰੀ ਵਾਂਗ ਲਮਕ ਕੇ ਸਫਰ ਕਰਨਾ ਪੈਂਦਾ ਹੈ। ਹੁਝਕੇ ਲੱਗਣ ਕਾਰਨ ਉਸ ਆਦਮੀ ਨੂੰ ਡੂੰਘੀ ਸੱਟ ਵੱਜ ਸਕਦੀ ਹੈ ਜਾਂ ਡਿੱਗਣ ਉੱਤੇ ਉਸ ਦੀ ਮੌਤ ਹੋ ਸਕਦੀ ਹੈ। ਇਸ ਲਈ ਮੈਂ ਤੈਨੂੰ ਸਾਵਧਾਨੀ ਨਾਲ ਖੜ੍ਹਾ ਹੋਣ ਵਾਸਤੇ ਕਿਹਾ ਹੈ। ਤੂੰ ਜ਼ੋਰ ਲਾ ਕੇ ਦੂਜੇ ਜਾਂ ਤੀਜੇ ਪੌਡੇ ਉਪਰ ਪਹੁੰਚਣ ਦੀ ਕੋਸ਼ਿਸ਼ ਕਿਉਂ ਨਹੀਂ ਕਰਦਾ? ਹੈਂਅ? ਦੱਸ?" ਅਸੀਂ ਆਪਣੀਆਂ ਅੱਧ-ਮੀਚੀਆਂ ਅੱਖਾਂ ਨੂੰ ਪੂਰੀ ਤਰ੍ਹਾਂ ਖੋਲ੍ਹਣ ਦੀ ਕੋਸ਼ਿਸ਼ ਕਰਦਿਆਂ ਫਰਮਾਇਆ।

ਉਹ ਆਦਮੀ ਖਾਮੋਸ਼ ਰਿਹਾ ਅਤੇ ਕੁਝ ਨਹੀਂ ਬੋਲਿਆ। ਅਸੀਂ ਸੋਚਿਆ ਕਿ ਇਹ ਆਖਰੀ ਪੌਡੇ ਉੱਤੇ ਪਤਾ ਨਹੀਂ ਕਦੋਂ ਤੋਂ ਖੜ੍ਹਾ ਹੈ। ਖੜ੍ਹਾ-ਖੜ੍ਹਾ ਥੱਕ ਗਿਆ ਹੋਵੇਗਾ। ਇਸ ਲਈ ਕਝ ਕਹਿ ਨਹੀਂ ਰਿਹਾ। ਜਾਂ ਇਸ ਦੀ ਖੋਪੜੀ ਦੀ ਤੌੜੀ ਵਿੱਚ ਕੁਝ ਰਿੱਝ ਰਿਹਾ ਹੈ। ਉਸ ਰਿੱਝਦੀ ਚੀਜ਼ ਨੂੰ ਬਾਹਰ ਨਿਕਲਣ ਦਾ ਰਾਹ ਨਹੀਂ ਮਿਲਦਾ ਹੋਣਾ। ਸ਼ਾਇਦ ਇਸ ਕਾਰਨ ਵੀ ਉਹ ਚੁੱਪ ਹੈ। ਅਸੀਂ ਉਸ ਨੂੰ ਸੰਭਲਣ ਬਾਰੇ ਕੁਝ ਹੋਰ ਦੱਸਣਾ ਚਾਹਿਆ।ਆਪਣੇ ਵਿੰਗੇ ਨੱਕ ਦੀ ਟੇਢੀ ਉਤਰਾਈ ਤੋਂ ਹੇਠਾਂ ਸਰਕਦੀ ਜਾਂਦੀ ਐਨਕ ਨੂੰ ਹੱਥ ਦੀ ਉਂਗਲ ਨਾਲ ਉਤਾਂਹ ਕਰਦਿਆਂ ਅਸੀਂ ਬਿਆਨਬਾਜ਼ੀ ਦੀ ਅਗਲੀ ਕਿਸ਼ਤ ਜਾਰੀ ਕੀਤੀ, "ਭਰਾਵਾ, ਗੱਲ ਇਹ ਹੈ ਕਿ ਬੇਸ਼ੱਕ ਕਿਸੇ ਬਸ ਦੇ ਦਰਵਾਜ਼ੇ ਦੇ ਪੌਡੇ ਉੱਤੇ ਖੜ੍ਹੇ ਹੋ ਕੇ ਜਾਂ ਕਿਸੇ ਰੇਲਗੱਡੀ ਦੇ ਡੱਬੇ ਦੇ ਪੌਡੇ ਉੱਤੇ ਬੈਠ ਕੇ ਸਫਰ ਤੈਅ ਕਰਨ ਲਈ ਜਾਂ ਨਿਜ਼ਾਮ (ਵਿਵਸਥਾ) ਦੀ ਗੱਡੀ ਦੇ ਸਭ ਤੋਂ ਹੇਠਲੇ ਪੌਡੇ ਉਪਰ ਖੜ੍ਹੇ ਹੋ ਕੇ ਜੀਵਨ-ਯਾਤਰਾ ਪੂਰੀ ਕਰਨ ਲਈ ਮਜਬੂਰ ਹੋਣਾ ਪਏ, ਆਦਮੀ ਨੂੰ ਹਮੇਸ਼ਾ ਚੌਕਸ, ਜਾਗਰੂਕ, ਸਾਵਧਾਨ ਹੋਣਾ ਚਾਹੀਦਾ ਹੈ। ਤੂੰ ਮੇਰੇ ਵੱਲ ਵੇਖ, ਮੈਂ ਤੇਰੇ ਨਾਲੋਂ ਵੀ ਹੇਠਾਂ ਭੁੰਜੇ ਲੱਥਾ ਖੜ੍ਹਾ ਹਾਂ ਉਵੇਂ ਹੀ, ਜਿਵੇਂ ਅਣਗਿਣਤ ਲੋਕ ਫੁੱਟਪਾਥਾਂ ਉਪਰ ਜਾਂ ਇਧਰ ਉਧਰ ਗੰਦੀਆਂ ਮੰਦੀਆਂ ਥਾਵਾਂ ਉੱਤੇ ਖੜ੍ਹੇ ਜਾਂ ਬੈਠੇ ਜਾਂ ਲੰਮੇ ਪਏ ਹੁੰਦੇ ਹਨ।'ਸਾਵਧਾਨੀ ਹਟੀ, ਦੁਰਘਟਨਾ ਘਟੀ' ਦੇ ਅੰਦਾਜ਼ ਵਿੱਚ ਕਿਸੇ ਨਾਲ ਕਿਤੇ ਕੋਈ ਦੁਰਘਟਨਾ ਹੋ ਸਕਦੀ ਹੈ। ਜੇ ਜ਼ਿਆਦਾ ਅਤੇ ਬੇਕਾਬੂ ਭੀੜ ਦਾ ਮਾਮਲਾ ਹੋਵੇ, ਫਿਰ ਭਾਜੜ ਪੈਣ ਉੱਤੇ ਇੱਕੋ ਵਾਰ ਕਈ ਲੋਕ ਬੇਮੌਤ (ਅਣਿਆਈ) ਮਾਰੇ ਜਾਂਦੇ ਅਤੇ ਬੇਸ਼ੁਮਾਰ ਗੰਭੀਰ ਫੱਟੜ ਹੋ ਜਾਂਦੇ ਹਨ। ਇਸ ਲਈ ਸੰਭਲ ਕੇ ਰਹਿ।"

ਉਹ ਬੋਲਿਆ: "ਮੇਰੇ ਵੀਰ, ਮੈਂ ਭੁੰਜੇ ਖੜ੍ਹਾ ਏਂ, ਤਾਂ ਪੂਰੀ ਮੁਸਤੈਦੀ ਨਾਲ ਖੜ੍ਹਾ ਹੋਇਆ ਹਾਂ।"

ਸਾਨੂੰ ਮਹਿਸੂਸ ਹੋਇਆ ਕਿ ਇੰਨੇ ਚਿਰ ਤੋਂ ਲਗਾਤਾਰ ਬੋਲਦੇ ਰਹਿਣ ਕਾਰਨ ਸਾਡੀਆਂ ਅੱਖਾਂ ਪੂਰੀ ਤਰ੍ਹਾਂ ਖੁੱਲ੍ਹ ਚੁੱਕੀਆਂ ਹਨ। ਅਸੀਂ ਵੇਖਿਆ ਕਿ ਉਹ ਇਕੱਲਾ ਨਹੀਂ, ਸਗੋਂ ਉਹਦੇ ਨਾਲ ਅਨੇਕ ਲੋਕ ਆਖਰੀ ਪੌਡੇ ਉਪਰ ਖੜ੍ਹੇ ਹੋਏ ਹਨ, ਬਿਲਕੁਲ ਗਰੀਬੀ ਦੀ ਲਕੀਰ ਦੀ ਵੱਖੀ ਕੋਲ।ਸਾਡੇ ਵੱਲੋਂ ਉਹਦੇ ਨਾਲ ਲਗਾਤਾਰ ਗੁਫਤਗੂ ਕਰਦੇ ਰਹਿਣ ਦਾ ਇਹ ਬਾਕਮਾਲ ਅਸਰ ਹੋਇਆ ਕਿ ਉਹ ਵੀ ਖੁੱਲ੍ਹ ਕੇ ਸਾਡੇ ਨਾਲ ਗੱਲਾਂ ਕਰਨ ਲੱਗਿਆ। ਭਾਵ ਆਪਣੀ ਖੋਪੜੀ ਦੀ ਤੌੜੀ ਦਾ ਢੱਕਣ ਚੁੱਕ ਕੇ ਭਾਫ ਬਾਹਰ ਕੱਢਣ ਲੱਗਾ। "ਗੱਲ ਇਹ ਹੈ ਕਿ ਜੇ ਮੈਂ ਕਹਾਂ ਕਿ ਮੈਂ ਆਖਰੀ ਪੌਡੇ ਉੱਤੇ ਬਹੁਤ ਦੇਰ ਤੋਂ ਭਾਵ ਕਿ ਲੰਮੇ ਅਰਸੇ ਤੋਂ ਖੜੌਤਾ ਹੋਇਆ ਹਾਂ, ਤਾਂ ਇਹ ਸਰਾਸਰ ਗਲਤ ਗੱਲ ਹੋਵੇਗੀ। ਤੂੰ ਜ਼ੋਰ ਲਾ ਕੇ ਦੂਜੇ ਜਾਂ ਤੀਜੇ ਪੌਡੇ ਉਪਰ ਪੁੱਜਣ ਲਈ ਕੋਸ਼ਿਸ਼ ਕਰਨ ਦੀ ਗੱਲ ਵੀ ਆਖੀ ਹੈ। ਅਸਲ ਵਿੱਚ ਮੈਂ ਆਪਣੇ ਟੱਬਰ ਦੇ ਜੀਆਂ ਨਾਲ ਇਸ ਨੂੰ ਨਿਜ਼ਾਮ ਜਾਂ ਸਮਾਜ ਆਖੋ, ਇਸ ਦੇ ਮੱਧ ਵਾਲੇ ਪੌਡੇ ਉਪਰ ਆਰਾਮ ਨਾਲ ਖੜ੍ਹਾ ਸਾਂ ਕਿ ਹਾਲਾਤ ਇੰਨੇ ਖਰਾਬ ਹੁੰਦੇ ਗਏ ਕਿ ਸਣੇ ਟੱਬਰ ਇਸ ਅੰਤਿਮ ਪੌਡੇ ਉਪਰ ਆ ਖੜ੍ਹਾ ਹੋਇਆ। ਮੇਰੇ ਟੱਬਰ ਦੇ ਜੀਆਂ ਤੋਂ ਇਲਾਵਾ ਹੋਰ ਅਨੇਕ ਲੋਕ ਇਸ ਆਖਰੀ ਪੌਡੇ ਉਪਰ ਪੁੱਜ ਚੁੱਕੇ ਹਨ। ਸਭ ਤੋਂ ਉਪਰਲੇ ਪੌਡੇ ਤੋਂ ਹੇਠਾਂ ਤੱਕ ਆਉਂਦੀ ਕੋਈ ਚੀਜ਼ ਜਾਂ ਸਹੂਲਤ ਰਾਹ ਵਿੱਚ ਕਿਹੜੇ ਪੌਡਿਆਂ ਉਪਰ ਘੱਟ ਜਾਂ ਗੁੰਮ-ਗੁਆਚ ਜਾਂਦੀ ਏ, ਇਹ ਉਨ੍ਹਾਂ ਨੂੰ ਪਤਾ ਹੋਣੀ ਚਾਹੀਦੀ ਏ, ਜਿਨ੍ਹਾਂ ਨੂੰ ਆਖਰੀ ਪੌਡੇ ਉਪਰ ਖੜ੍ਹੇ ਵਿਅਕਤੀ ਦੀ ਦਿਨ-ਰਾਤ ਚਿੰਤਾ ਹੈ। ਆਖਰੀ ਪੌਡੇ ਉਪਰ ਕੋਈ ਸ਼ੌਕ ਨਾਲ ਖੜ੍ਹਾ ਨਹੀਂ ਹੋਣਾ ਚਾਹੁੰਦਾ।ਤੂੰ ਜਦੋਂ ਬਸ ਦੇ ਦਰਵਾਜ਼ੇ ਦੇ ਪੌਡੇ ਉੱਤੇ ਖੜ੍ਹ ਕੇ ਜਾਂ ਰੇਲਗੱਡੀ ਦੇ ਡੱਬੇ ਦੇ ਪੌਡੇ ਉੱਤੇ ਬੈਠ ਕੇ ਸਫਰ ਦੌਰਾਨ ਜਾਨ ਖਤਰੇ ਵਿੱਚ ਪੈਣ ਦੀ ਗੱਲ ਸਮਝਾਉਣੀ ਚਾਹੀ, ਮੈਂ ਤੇਰੀ ਗੱਲ ਉਦੋਂ ਹੀ ਸਮਝ ਗਿਆ ਸਾਂ।" ਉਸ ਆਦਮੀ ਨੇ ਆਪਣੀ ਪਾਟੀ ਪੁਰਾਣੀ ਕਮੀਜ਼ ਦੀ ਘਸੀ ਬਾਂਹ (ਸਲੀਵ) ਨਾਲ ਆਪਣੇ ਮੱਥੇ ਦਾ ਮੁੜ੍ਹਕਾ ਪੂੰਝਦਿਆਂ ਅਗਾਂਹ ਆਖਿਆ, "ਭਾਈ ਸਾਹਿਬ! ਇੱਥੇ ਆਖਰੀ ਪੌਡੇ ਉੱਤੇ ਮੁਫਲਿਸਾਂ ਦੀ ਬਹੁਤ ਜ਼ਿਆਦਾ ਗਿਣਤੀ ਵਧ ਗਈ ਹੈ ਅਤੇ ਉਪਰੋਂ ਤ੍ਰਾਸਦੀ ਇਹ ਹੈ ਕਿ ਇਹ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਤੂੰ ਕਿਸ-ਕਿਸ ਦੀ ਫਿਕਰ ਕਰੇਂਗਾ?ਇਸ ਲਈ ਮੈਂ ਕਹਿੰਦਾ ਹਾਂ ਕਿ ਤੂੰ ਕਦੇ ਵੀ ਆਖਰੀ ਪੌਡੇ ਉੱਤੇ ਖੜ੍ਹੇ ਕਿਸੇ ਵੀ ਵਿਅਕਤੀ ਨੂੰ ਕੁਝ ਨਾ ਆਖ। ਤੇਰੀ ਆਵਾਜ਼ ਵਿੱਚ ਦਮ ਹੈ, ਤਾਂ ਤੂੰ ਉਪਰਲੇ ਪੌਡਿਆਂ (ਟੀਸੀ) ਵਾਲਿਆਂ ਨੂੰ ਉੱਚੀ ਆਵਾਜ਼ ਵਿੱਚ ਆਖ ਕਿ ਉਹ ਸਾਰਿਆਂ ਨੂੰ ਉਪਰ ਵਾਲੇ ਪੌਡਿਆਂ ਉੱਤੇ ਲਿਜਾਣ (ਪੁੱਜਣ) ਵਿੱਚ ਸਾਡੀ ਸੁਹਿਰਦਤਾ ਨਾਲ ਸਹਾਇਤਾ ਕਰਨ।"

*-ਨੂਰ ਸੰਤੋਖਪੁਰੀ*

## ਬਾਈਕ ਰਾਈਡਿੰਗ ਅਤੇ ਔਰਤਾਂ

ਰਜਨੀਸ਼ ਕਪੂਰ

ਭਾਰਤ ਵਿੱਚ ਆਮ ਤੌਰ ਉੱਤੇ ਮੋਟਰਸਾਈਕਲ ਚਲਾਉਣ ਅਤੇ ਬਾਈਕ ਰਾਈਡਿੰਗ ਕਰਨੀ ਵਧੇਰੇ ਕਰਕੇ ਮਰਦਾਂ ਦੀ ਖੇਡ ਮੰਨੀ ਜਾਂਦੀ ਸੀ ਪਰ ਗੁਰੂਗ੍ਰਾਮ ਦੀ ਸੁਪਰਣਾ ਸਰਕਾਰ ਅਜਿਹੀ ਲੜਕੀ ਹੈ ਜਿਸ ਨੇ ਆਪਣੀ 'ਸਟਾਰ ਅਕੈਡਮੀ ਆਫ ਬਾਈਕ ਟ੍ਰੇਨਿੰਗ' ਰਾਹੀਂ ਮਰਦਾਂ ਦੀ ਇਸ ਦੁਨੀਆ ਵਿੱਚ ਆਪਣੀ ਪਛਾਣ ਬਣਾ ਲਈ ਹੈ। ਇਸ ਰਾਹੀਂ ਸੁਪਰਣਾ ਨੇ ਕਈ ਔਰਤਾਂ ਨੂੰ ਬਾਈਕ ਰਾਈਡਿੰਗ ਦੀ ਟ੍ਰੇਨਿੰਗ ਦੇ ਕੇ ਮਰਦਾਂ ਨੂੰ ਚੰਗੀ ਟੱਕਰ ਦਿੱਤੀ ਹੈ। ਉਸ ਨੇ ਦਿਖਾ ਦਿੱਤਾ ਕਿ ਕੋਈ ਵੀ ਕੰਮ ਸਿਰਫ ਮਰਦਾਂ ਲਈ ਨਿਸ਼ਚਿਤ ਹੋਵੇ, ਅਜਿਹਾ ਨਹੀਂ ਹੈ। ਸਾਫਟਵੇਅਰ ਇੰਜੀਨੀਅਰਿੰਗ ਦੀ ਪੜ੍ਹਾਈ ਦੇ ਨਾਲ-ਨਾਲ ਆਪਣੇ ਸ਼ੌਕ ਨੂੰ ਸੁਪਰਣਾ ਨੇ ਜ਼ਿੰਦਾ ਰੱਖਿਆ ਅਤੇ ਫਿਰ ਉਸੇ ਨੂੰ ਆਪਣਾ ਪੇਸ਼ਾ ਬਣਾ ਲਿਆ।

ਭਾਰਤ ਦੇ ਮੋਟਰਸਾਈਕਲਾਂ ਦੇ ਸਾਰੇ ਬ੍ਰਾਂਡਾਂ ਵਿੱਚ 'ਮਰਦ ਬਾਈਕ' ਮੰਨੇ ਜਦੇ 'ਰਾਇਲ ਐਨਫੀਲਡ ਜਾਂ ਬੁਲੇਟ' ਨੂੰ ਚਲਾਉਣਾ ਕਈ ਮਰਦਾਂ ਦੇ ਵੱਸ ਦੀ ਗੱਲ ਵੀ ਨਹੀਂ ਹੁੰਦੀ। ਸੁਪਰਣਾ ਅਜਿਹੇ ਦੋ ਰਾਇਲ ਐਨਫੀਲਡ ਮੋਟਰਸਾਈਕਲਾਂ ਦੀ ਮਾਲਕਣ ਹੈ। ਇਹੀ ਨਹੀਂ ਉਨ੍ਹਾਂ ਨੇ ਇਨ੍ਹਾਂ ਮੋਟਰਸਾਈਕਲਾਂ ਉੱਤੇ ਹੋਣ ਵਾਲੇ ਆਫ ਰੋਡਿੰਗ ਅਤੇ ਡਰਟ ਬਾਈਕਿੰਗ ਈਵੈਂਟ ਵਿੱਚ ਵੀ ਹਿੱਸਾ ਲਿਆ ਅਤੇ ਪਹਿਲਾਂ ਸਥਾਨ ਹਾਸਲ ਕੀਤਾ। ਸਾਲ 2019 ਵਿੱਚ ਉਨ੍ਹਾਂ ਨੇ ਔਰਤਾਂ ਵਿਚਾਲੇ 'ਦਿ ਆਗਰਾ ਤਾਜ ਬਾਈਕਲ ਰੈਲੀ' ਦਾ ਵੀ ਪਹਿਲਾਂ ਸਥਾਨ ਲਿਆ। ਇਹੀ ਜਲਵਾ ਕਾਫੀ ਨਹੀਂ, ਜਦੋਂ ਸੁਪਰਣਾ ਦਾ ਵਿਆਹ ਹੋਇਆ ਤਾਂ ਉਨ੍ਹਾਂ ਨੇ ਬਾਈਕ ਉੱਤੇ ਸਵਾਰ ਹੋ ਕੇ ਮਹਿਮਾਨਾਂ ਦੇ ਸਾਹ-ਮਣੇ ਇੱਕ ਸ਼ਾਨਦਾਰ ਐਂਟਰੀ ਕੀਤੀ, ਜੋ ਕਿਸੇ ਨੇ ਪਹਿਲਾਂ ਕਦੀ ਦੇਖਿਆ, ਨਾ ਸੁਣਿਆ।

ਕਹਾਵਤ ਹੈ ਕਿ 'ਜੋ ਰੁਚੇ ਸੋ ਪਚੇ', ਜੇ ਤੁਹਾਨੂੰ ਆਲੀਸ਼ਾਨ ਦਫ਼ਤਰ ਵਿੱਚ ਚੰਗੇ ਅਹੁਦੇ ਉੱਤੇ ਬਿਠਾ ਦਿੱਤਾ ਜਾਵੇ ਤੇ ਤੁਹਾਡਾ ਮਨ ਕੁਝ ਹੋਰ ਕਰਨ ਦੀ ਸੋਚੇ ਤਾਂ ਕੀ ਹੋਵੇਗਾ? ਤੁਸੀਂ ਜੋ ਕਰ ਰਹੇ ਹੋ, ਨਾ ਉਹ ਚੰਗਾ ਕਰ ਸਕੋਗੇ ਤੇ ਨਾ ਹੀ ਆਪਣੇ ਸੁਪਨੇ ਸੱਚ ਕਰ ਸਕੋਗੇ। ਇਸ ਲਈ ਆਪਣੇ ਕਰੀਅਰ ਦੀ ਸ਼ੁਰੂਆਤ ਇੱਕ ਆਈ ਟੀ ਕੰਪਨੀ ਤੋਂ ਕਰਨ ਵਾਲੀ ਸੁਪਰਣਾ ਨੇ ਬੜੀ ਜਲਦੀ ਸੋਚ ਲਿਆ ਕਿ ਉਹ ਬਾਈਕ ਰਾਈਡਿੰਗ ਨੂੰ ਆਪਣਾ ਪੇਸ਼ਾ ਬਣਾਵੇਗੀ। ਸੁਪਰਣਾ ਕਹਿੰਦੀ ਹੈ ਕਿ 2018 ਵਿੱਚ ਜਦੋਂ ਉਸ ਨੂੰ ਆਪਣੇ ਕਾਲਜ ਵਿੱਚ ਇੱਕ ਭਾਸ਼ਣ ਦੇਣ ਲਈ ਸੱਦਿਆ ਗਿਆ ਤਾਂ ਉਨ੍ਹਾਂ ਨੇ ਇਹ ਇੱਛਾ ਜ਼ਾਹਿਰ ਕੀਤੀ ਕਿ ਉਹ ਸੁਰੱਖਿਅਤ ਬਾਈਕ ਰਾਈਡਿੰਗ ਦੀ ਇੱਕ ਟ੍ਰੇਨਰ ਬਣਨਾ ਚਾਹੁੰਦੀ ਹੈ।ਇਰਾਦੇ ਦੀ ਪੱਕੀ ਸੁਪਰਣਾ ਨੇ ਕੁਝ ਹੀ ਮਹੀਨਿਆਂ ਵਿੱਚ ਬਾਈਕ ਰਾਈਡਿੰਗ ਟ੍ਰੇਨਰ ਦੀ ਨੌਕਰੀ ਸ਼ੁਰੂ ਕਰ ਦਿੱਤੀ। ਉਥੇ ਉਨ੍ਹਾਂ ਨੇ ਲੱਗਭਗ 18 ਮਹੀਨੇ ਕੰਮ ਕੀਤਾ। ਜਦੋਂ ਕੋਵਿਡ ਮਹਾਮਾਰੀ ਕਾਰਨ ਉਹ ਵੀ ਹੋਰਨਾਂ ਵਾਂਗ ਘਰ ਦੀ ਚਾਰਦੀਵਾਰੀ ਵਿੱਚ ਸੁੰਗੜ ਕੇ ਰਹਿ ਗਈ ਤਾਂ ਵੀ ਉਸ ਨੇ ਆਪਣੇ ਇਸ ਇਰਾਦੇ ਨੂੰ ਜ਼ਿੰਦਾ ਰੱਖਿਆ।

ਸੁਪਰਣਾ ਨੇ ਜਦੋਂ ਅਹਿਸਾਸ ਕੀਤਾ ਕਿ ਉਹ ਜਦੋਂ ਸੁਰੱਖਿਅਤ ਬਾਈਕ ਰਾਈਡਰ ਹੈ ਤਾਂ ਕਿਉਂ ਨਾ ਇਸ ਕਲਾ ਨੂੰ ਸਭ ਨਾਲ ਸਾਂਝਾ ਕੀਤਾ ਜਾਵੇ, ਖਾਸ ਕਰ ਕੇ ਔਰਤਾਂ ਨੂੰ ਇਸ ਕਲਾ ਵਿੱਚ ਸਿੱਖਿਅਤ ਕਰਨ ਦੇ ਇਰਾਦੇ ਨਾਲ ਉਨ੍ਹਾਂ ਨੇ ਕੋਵਿਡ ਮਹਾਮਾਰੀ ਦੌਰਾਨ ਆਪਣੀ ਇੱਕ ਅਕੈਡਮੀ ਬਣਾਈ। ਅੱਜ ਇਸ ਅਕੈਡਮੀ ਵਿੱਚ ਨਾ ਸਿਰਫ਼ ਔਰਤਾਂ ਸਗੋਂ ਮਰਦ ਵੀ ਸੁਰੱਖਿਅਤ ਬਾਈਕ ਰਾਈਡਿੰਗ ਸਿੱਖਣ ਆਉਂਦੇ ਹਨ। ਜਿਹੜੇ ਲੋਕਾਂ ਨੇ ਸੁਪਰਣਾ ਨੂੰ ਇਸ ਅਕੈਡਮੀ ਵਿੱਚ ਸਿਖਲਾਈ ਦਿੰਦੇ ਦੇਖਿਆ, ਉਹ ਕਹਿੰਦੇ ਹਨ ਕਿ ਉਹ ਨਾ ਸਿਰਫ਼ ਬਾਈਕ ਰਾਈਡਿੰਗ ਸਿਖਾਉਂਦੀ ਹੈ ਸਗੋਂ ਇਸ ਦੀਆਂ ਬਾਰੀਕੀਆਂ ਤੋਂ ਆਪਣੇ ਵਿਦਿਆਰਥੀਆਂ ਨੂੰ ਜਾਣੂ ਕਰਾਉਂਦੀ ਹੈ।ਉਹ ਹਰ ਸਿਖਾਂਦਰੂ ਨਾ ਸਿਰਫ਼ ਪੂਰਾ ਸਮਾਂ ਦਿੰਦੀ ਹੈ ਸਗੋਂ ਉਨ੍ਹਾਂ ਤੋਂ ਉਨ੍ਹਾਂ ਦੀ ਸਮੱਸਿਆ ਸਮਝ ਕੇ ਉਸ ਦਾ ਹੱਲ ਵੀ ਕਰਦੀ ਹੈ।

ਦੇਸ਼ ਭਰ ਦੀਆਂ ਮੁਟਿਆਰਾਂ ਲਈ ਸੁਪਰਣਾ ਦੀ ਜ਼ਿੰਦਗੀ ਸੱਚਮੁੱਚ ਬੜੀ ਪ੍ਰੇਰਨਾਦਾਇਕ ਹੈ, ਜਿਸ ਨੇ ਰੂੜੀਵਾਦੀ ਵਿਚਾਰਾਂ ਤੇ ਰਵਾਇਤਾਂ ਨੂੰ ਤੋੜ ਕੇ ਉਹ ਕਰ ਦਿਖਾਇਆ ਹੈ, ਜਿਸ ਲਈ ਹਰ ਮਰਦ ਵੀ ਏਨੀ ਹਿੰਮਤ ਨਹੀਂ ਕਰੇਗਾ। ਅਜਿਹੀ ਲਗਨ ਨਾਲ ਹੀ ਆਪਣੇ ਮਕਸਦ ਨੂੰ ਹਾਸਲ ਕੀਤਾ ਜਾਂਦਾ ਹੈ।ਅਕਸਰ ਲੜਕੀਆਂ ਲੋਕ-ਨਿੰਦਾ ਡਰੋਂ ਸੰਕੋਚ ਕਰ ਜਾਂਦੀਆਂ ਜਾਂ ਉਨ੍ਹਾਂ ਦੇ ਪਰਵਾਰਕ ਮੈਂਬਰ ਹੀ ਉਤਸ਼ਾਹਿਤ ਨਹੀਂ ਕਰਦੇ ਕਿ ਲੋਕ ਕੀ ਕਹਿਣਗੇ? ਇਸ ਦੀ ਪ੍ਰਵਾਹ ਕੀਤੇ ਬਿਨਾਂ ਜਦੋਂ ਸੁਪਰਣਾ ਨੇ ਆਪਣੀ ਮਲਟੀਨੈਸ਼ਨਲ ਕੰਪਨੀ ਦੀ ਪਹਿਲੀ ਨੌਕਰੀ ਬਦਲੀ ਤਾਂ ਉਨ੍ਹਾਂ ਨੂੰ ਇੱਕ ਮੋਟਰਸਾਈਕਲ ਵੀ ਮਿਲਿਆ। ਇੱਥੇ ਉਨ੍ਹਾਂ ਨੇ ਆਪਣੇ ਇਸ ਇਰਾਦੇ ਨੂੰ ਖੰਭ ਲਾ ਦਿੱਤੇ। ਇਸੇ ਜਾਬ ਲਈ ਉਨ੍ਹਾਂ ਨੇ ਇੰਜੀਨੀਅਰਿੰਗ ਡਿਗਰੀ ਵਾਲੀ ਨੌਕਰੀ ਛੱਡ ਦਿੱਤੀ, ਇਹ ਸੋਚ ਕੇ ਕਿ ਡਿਗਰੀ ਤਾਂ ਉਸ ਕੋਲ ਹੈ ਹੀ ਅਤੇ ਇਸੇ ਆਧਾਰ ਉੱਤੇ ਨੌਕਰੀ ਵੀ ਦੁਬਾਰਾ ਮਿਲ ਜਾਵੇਗੀ, ਪਰ ਬਾਈਕ ਰਾਈਡਿੰਗ ਦੇ ਆਪਣੇ ਜਜ਼ਬੇ ਨੂੰ ਜ਼ਿੰਦਾ ਰੱਖਣ ਦਾ ਇਹੀ ਇੱਕ ਮੌਕਾ ਸੀ।

ਫ਼ੌਜੀ ਬਾਪ ਦੀ ਧੀ ਨੇ ਦ੍ਰਿੜ੍ਹ ਸੰਕਲਪ ਲੈ ਕੇ ਬਾਈਕ ਰਾਈਡਿੰਗ ਦੇ ਸਮੁੰਦਰ ਵਿੱਚ ਛਾਲ ਮਾਰ ਦਿੱਤੀ ਅਤੇ ਇਸ ਵਿੱਚ ਆਪਣੇ ਲਈ ਇੱਕ ਚੰਗਾ ਸਥਾਨ ਹਾਸਲ ਕੀਤਾ। ਸੁਪਰਣਾ ਅਨੁਸਾਰ ਇਸ ਬਾਈਕ ਕੰਪਨੀ ਵਿੱਚ ਕੰਮ ਕਰਨ ਤੋਂ ਪਹਿਲਾਂ ਉਹ ਹੋਰ ਔਰਤ ਬਾਈਕਰਜ਼ ਵਾਂਗ ਸਿਰਫ਼ ਮੋਟਰਸਾਈਕਲ ਨੂੰ ਸਟਾਰਟ ਕਰਕੇ ਉਸ ਦੀ ਸਵਾਰੀ ਕਰਦੀ ਸੀ ਪਰ ਇੱਥੇ ਆ ਕੇ ਉਨ੍ਹਾਂ ਨੂੰ ਸਹੀ ਮਾਇਨੇ ਵਿੱਚ ਪਤਾ ਲੱਗਾ ਕਿ ਮੋਟਰਸਾਈਕਲ ਨੂੰ ਸਹੀ ਤਰ੍ਹਾਂ ਕਿਵੇਂ ਕੰਟਰੋਲ ਕੀਤਾ ਜਾਂਦਾ ਹੈ। ਇਸ ਪਿੱਛੋਂ ਉਨ੍ਹਾਂ ਅਹਿਸਾਸ ਕੀਤਾ ਕਿ ਉਹ ਸ਼ਾਇਦ ਇਕੱਲੀ ਔਰਤ ਨਹੀਂ, ਜਿਨ੍ਹਾਂ ਨੂੰ ਇਹ ਪਤਾ ਨਹੀਂ। ਇਸ ਸੋਚ ਨਾਲ ਉਨ੍ਹਾਂ ਨੇ ਗਿਆਨ ਵੰਡਣਾ ਸ਼ੁਰੂ ਕੀਤਾ ਤੇ ਅੱਜ ਬਾਈਕ ਰਾਈਡਿੰਗ ਟ੍ਰੇਨਰ ਅਕੈਡਮੀ ਸਫਲਤਾ ਨਾਲ ਚਲਾਉਂਦੀ ਹੈ। ਜਿੱਥੇ ਚਾਹ ਉਥੇ ਰਾਹ, ਸੁਪਰਣਾ ਇਸ ਦੀ ਇੱਕ ਜਿਊਂਦੀ-ਜਾਗਦੀ ਮਿਸਾਲ ਹੈ, ਜੋ ਦੇਸ਼ ਧੀਆਂ ਨੂੰ ਪ੍ਰੇਰਨਾ ਦਿੰਦੀ ਹੈ।

## ਮੀਂਹ ਦੇ ਪਾਣੀ ਨੂੰ ਸੰਭਾਲਣ ਲਈ ਖੋਖਲੀਆਂ ਯੋਜਨਾਵਾਂ

ਰਿਤੂਪਰਣ ਦਵੇ

ਉਂਝ ਤਾਂ ਸਮੁੱਚੀ ਧਰਤੀ ਉੱਤੇ 97 ਫ਼ੀਸਦੀ ਪਾਣੀ ਹੈ, ਪਰ ਸਿਰਫ਼ ਤਿੰਨ ਫ਼ੀਸਦੀ ਹੀ ਵਰਤੋਂ ਦੇ ਯੋਗ ਹੈ। ਉਸਦਾ ਵੀ 2.4 ਫੀਸਦੀ ਗਲੇਸ਼ੀਅਰਾਂ ਤੇ ਉਤਰੀ ਅਤੇ ਦੱਖਣੀ ਧਰੁਵ ਵਿੱਚ ਇਕੱਠਾ ਹੋਇਆ ਹੈ ਅਤੇ ਸਿਰਫ਼ 0.6 ਫ਼ੀਸਦੀ ਪਾਣੀ ਬਚਦਾ ਹੈ, ਜੋ ਨਦੀਆਂ, ਝੀਲਾਂ, ਤਲਾਬਾਂ ਅਤੇ ਖੂਹਾਂ ਵਿੱਚ ਹੈ ਜਿਸ ਨੂੰ ਅਸੀਂ ਵਰਤਦੇ ਹਾਂ। ਯਕੀਨਨ ਅੰਕੜਾ ਬੇਹੱਦ ਹੈਰਾਨ ਕਰਨ ਵਾਲਾ ਹੈ, ਪਰ ਅਸਲੀਅਤ ਇਹੀ ਹੈ। ਕੁਝ ਸਾਲ ਪਹਿਲਾਂ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਵਿੱਚ ਇੱਕ ਰਿੱਟ ਦਾਖਲ ਹੋਈ ਸੀ, ਜਿਸ ਦੇ ਅੰਕੜੇ ਬੇਹੱਦ ਸੁਚੇਤ ਕਰਦੇ ਹਨ। ਇਸ ਵਿੱਚ ਕਿਹਾ ਗਿਆ ਸੀ ਕਿ ਭਾਰਤ ਵਿੱਚ ਰੋਜ਼ਾਨਾ 8,84,20,000 ਕਿਊਬਿਕ ਮੀਟਰ ਤੋਂ ਵੱਧ ਪੀਣ ਵਾਲਾ ਪਾਣੀ ਬਰਬਾਦ ਹੁੰਦਾ ਹੈ।

ਲੋਕ ਸਭਾ ਵਿੱਚ ਇੱਕ ਸਵਾਲ ਦੇ ਜਵਾਬ ਵਿੱਚ ਦੋ ਸਾਲ ਪਹਿਲਾਂ ਪਤਾ ਲੱਗਾ ਕਿ 33 ਫੀਸਦੀ ਦਿਹਾਤੀ ਆਬਾਦੀ ਜੋ 21 ਕਰੋੜ ਦੇ ਲੱਗਭਗ ਹੈ, ਨੂੰ ਪੀਣ ਲਈ ਜਿੱਥੇ ਸਾਫ ਪਾਣੀ ਤੱਕ ਨਹੀਂ ਮਿਲਦਾ। ਸਰਕਾਰੀ ਅੰਕੜੇ ਦੱਸਦੇ ਹਨ ਕਿ 71 ਕਰੋੜ ਦਿਹਾਤੀ ਲੋਕਾਂ ਨੂੰ ਰੋਜ਼ਾਨਾ 40 ਲਿਟਰ ਅਤੇ 18 ਕਰੋੜ ਨੂੰ ਉਸ ਤੋਂ ਵੀ ਘੱਟ ਪਾਣੀ ਮਿਲਦਾ ਹੈ। ਭਾਰਤ ਵਿੱਚ ਆਜ਼ਾਦੀ ਦੇ 75 ਸਾਲਾਂ ਬਾਅਦ ਇਹ ਹਾਲਤ ਬੇਹੱਦ ਚਿੰਤਾ ਵਾਲੀ ਹੈ ਪਰ ਢਾਈ ਸਾਲ ਬਾਅਦ ਭਾਵ 2025 ਤੱਕ ਸਾਡੀ ਪਾਣੀ ਦੀ ਮੰਗ 40 ਬਿਲੀਅਨ ਕਿਊਬਿਕ ਮੀਟਰ ਤੋਂ ਵਧ ਕੇ 220 ਬਿਲੀਅਨ ਕਿਊਬਿਕ ਮੀਟਰ ਹੋਵੇਗੀ ਤੇ ਚਿੰਤਾ ਹੋਰ ਵੱਧ ਹੋਵੇਗੀ।ਅੰਕੜੇ ਦੱਸਦੇ ਹਨ ਕਿ ਅਜੇ ਦੁਨੀਆ ਵਿੱਚ ਲੱਗਭਗ ਪੌਣੇ ਦੋ ਅਰਬ ਲੋਕਾਂ ਨੂੰ ਸ਼ੁੱਧ ਪਾਣੀ ਨਹੀਂ ਮਿਲਦਾ। ਯੂ ਐੱਨ ਓ ਦੀ ਮੌਸਮ ਵਿਗਿਆਨ ਏਜੰਸੀ (ਡਬਲਊ ਐਮ ਓ) ਦੀ 'ਦਿ ਸਟੇਟ ਆਫ ਕਲਾਈਮੇਟ ਸਰਵਿਸਿਜ਼ 2021 ਵਾਟਰ' ਨਾਂ ਦੀ ਨਵੀਂ ਰਿਪੋਰਟ ਦੱਸਦੀ ਹੈ ਕਿ ਜਿੱਥੇ 2018 ਵਿੱਚ ਦੁਨੀਆ ਵਿੱਚ 3.6 ਅਰਬ ਲੋਕਾਂ ਨੂੰ ਪੂਰੇ ਸਾਲ ਵਿੱਚ ਲੱਗਭਗ ਇੱਕ ਤੋਂ ਦੋ ਮਹੀਨੇ ਪਾਣੀ ਦੀ ਜ਼ਬਰਦਸਤ ਕਮੀ ਸੀ, ਜੇ ਹਾਲਤ ਵਿੱਚ ਸੁਧਾਰ ਨਾ ਹੋਇਆ ਤਾਂ 2050 ਤੱਕ 5 ਅਰਬ ਲੋਕ ਕਮੀ ਨਾਲ ਜੂਝਣਗੇ। ਸਾਰਿਆਂ ਨੂੰ ਪਤਾ ਹੈ ਕਿ 0.05 ਫ਼ੀਸਦੀ ਪਾਣੀ ਹੀ ਵਰਤਣਯੋਗ ਤੇ ਤਾਜ਼ਾ ਹੈ ਜਦਕਿ ਦੁਨੀਆ ਦੀ ਆਬਾਦੀ ਲੱਗਭਗ 7.9 ਅਰਬ ਹੈ।



ਧਰਤੀ ਦੇ ਵਧਦੇ ਤਾਪਮਾਨ ਕਾਰਨ ਵੀ ਪਾਣੀ ਦੀ ਮੌਜੂਦਗੀ ਵਿੱਚ ਬਦਲਾਅ ਸੁਭਾਵਿਕ ਹੈ। ਕਦੀ ਲੱਗਦਾ ਹੈ ਕਿ ਮਾਨਸੂਨ ਜਲਦੀ ਆ ਗਿਆ, ਕਦੀ ਲੱਗਦਾ ਹੈ ਕਿ ਆ ਕੇ ਭਟਕ ਗਿਆ। ਕਦੀ ਬੱਦਲ ਉਮੜ-ਘੁੰਮੜ ਕਰ ਕੇ ਬਿਨਾਂ ਵਰ੍ਹੇ ਨਿਕਲ ਜਾਂਦੇ ਹਨ। ਕਦੀ ਵਰ੍ਹਦੇ ਹਨ ਤਾਂ ਅਜਿਹਾ ਨਹੀਂ। ਇਹ ਬੇਹੱਦ ਖਤਰਨਾਕ ਸਥਿਤੀ ਹੈ। ਬਾਵਜੂਦ ਇਸ ਦੇ ਅਸੀਂ ਗੰਭੀਰ ਨਹੀਂ ਹਾਂ। ਨਾ ਮੀਂਹ ਦੇ ਪਾਣੀ ਨੂੰ ਸੰਭਾਲਣ ਅਤੇ ਨਾ ਕੁਦਰਤ ਦੇ ਨਾਲ ਬੇਰਹਿਮੀ ਨੂੰ ਲੈ ਕੇ।

ਅੰਕੜੇ, ਨਤੀਜੇ ਅਤੇ ਕੋਸ਼ਿਸ਼ਾਂ ਦੱਸਦੀਆਂ ਹਨ ਕਿ 2021 ਸਾਲ ਪਹਿਲਾਂ ਮੱਧ ਪ੍ਰਦੇਸ਼ ਦੇ ਉਜੈਨ ਦੇ ਬਲੋਦਾ ਲਾਖਾ ਪਿੰਡ ਵਿੱਚ ਕਿਸਾਨਾਂ ਵੱਲੋਂ ਖੇਤਾਂ ਵਿੱਚ ਬਣਾਏ ਛੋਟੇ-ਛੋਟੇ ਤਲਾਬਾਂ ਅਤੇ ਸੁੱਕੇ ਖੂਹਾਂ ਨੂੰ ਮੁੜ ਭਰਨ, ਮਹਾਰਾਸ਼ਟਰ ਵਿੱਚ ਵਨਰਾਈ ਨਾਂ ਦੇ ਗੈਰ-ਸਰਕਾਰੀ ਸੰਗਠਨ ਵੱਲੋਂ ਰੇਤ ਦੀਆਂ ਬੋਰੀਆਂ ਦੇ ਬਣਾਏ ਬੰਨ੍ਹ, 1964 ਵਿੱਚ ਪੂਣੇ ਕੋਲ ਪੰਚਗਨੀ ਵਿੱਚ ਮੋਰਲ ਰੀਅਰਮਾਮੈਂਟ ਸੈਂਟਰ ਬਣਾਉਂਦੇ ਸਮੇਂ ਨਕਸ਼ੇ ਵਿੱਚ ਮੀਂਹ ਦੇ ਪਾਣੀ ਸੰਭਾਲ ਦਾ ਡਿਜ਼ਾਈਨ ਤੇ ਤਿੰਨ ਵੱਖਰੇ ਤੇ ਸਫਲ ਤਲਾਬ ਬਣਾਉਣ, ਜਿਨ੍ਹਾਂ ਦੇ ਪਾਣੀ ਦੀ ਪੂਰੇ ਸਾਲ ਵਰਤੋਂ ਕੀਤੀ ਜਾਣ ਦੀਆਂ ਕਈ ਮਿਸਾਲਾਂ ਹਨ। ਇਹ ਪਾਣੀ ਸਟੋਰੇਜ ਦੇ ਇਲਾਵਾ ਕਈ ਨੈਤਿਕ ਗੱਲਾਂ ਸਿਖਾਉਂਦੇ ਹਨ। ਕਰਨਾਟਕ ਦੇ ਬਾਇਫ ਡਿਵੈਲਪਮੈਂਟ ਰਿਸਰਚ ਫਾਊਂਡੇਸ਼ਨ ਨੇ ਇੱਕ ਅਨੋਖਾ ਮਾਡਲ ਬਣਾਇਆ ਜਿਸ ਨੂੰ ਖੇਤ-ਤਲਾਬ ਨੈਟਵਰਕ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਅਤੇ ਮੀਂਹ ਦਾ ਪਾਣੀ ਇਕੱਠਾ ਕਰਦਾ ਹੈ। ਜਦਤੇਜ਼ੀ ਨਾਲ ਉਦਯੋਗੀਕਰਨ ਹੋਇਆ, ਪਤਾ ਨਹੀਂ ਕਿੰਨੇ ਲੱਖ ਹੈਕਟੇਅਰ ਵਿੱਚ ਜੰਗਲ ਸਾਫ ਹੋਏ ਅਤੇ ਕਰੋੜਾਂ ਰੁੱਖ ਕੱਟੇ ਗਏ, ਵੱਡੇ-ਵੱਡੇ ਸਥਾਨਕ ਪਹਾੜ ਜਾਂ ਟਿੱਬੇ ਬਜਰੀ ਲਈ ਧਮਾਕਾ ਕਰਕੇ ਜਾਂ ਵੱਡੀਆਂ-ਵੱਡੀਆਂ ਮਸ਼ੀਨਾਂ ਨਾਲ ਪੱਧਰੇ ਕਰ ਦਿੱਤੇ ਗਏ। ਕੰਕ੍ਰੀਟ ਦੇ ਜੰਗਲ, ਨਦੀਆਂ ਦਾ ਸੀਨਾ ਛਲਣੀ ਕਰ ਕੇ ਕੱਢੀ ਗਈ ਰੇਤ ਨਾਲ ਸੁੱਕੀਆਂ ਨਦੀਆਂ, ਹਰ ਪਿੰਡ ਤੋਂ ਮਹਾਨਗਰਾਂ ਤੱਕ ਅਣਗਿਣਤ ਬੋਰਵੈਲਾਂ ਨੇ ਧਰਤੀ ਦੀ ਕੁੱਖ ਰਾਤ-ਦਿਨ ਚੂਸ ਕੇ ਸੁੱਕੀ ਕਰ ਦਿੱਤੀ ਅਤੇ ਅਸੀਂ ਹਾਂ ਕਿ ਮੀਂਹ ਦੇ ਪਾਣੀ ਨੂੰ ਸੰਭਾਲ ਕੇ ਵਾਪਸ ਧਰਤੀ ਨੂੰ ਮੋੜਨ ਲਈ ਸਿਵਾਏ ਰਸਮ ਪੂਰੀ ਕਰਨ ਲਈ ਫਿਕਰਮੰਦ ਨਹੀਂ ਦਿਸਦੇ।

ਲੱਗਦਾ ਨਹੀਂ ਕਿ ਇਹ ਉਸੇ ਧਰਤੀ, ਜਿਸ ਨੂੰ ਸਭ ਨੇ ਮਾਂ ਦਾ ਦਰਜਾ ਦਿੱਤਾ ਹੋਇਆ ਹੈ, ਨਾਲ ਬੇਇਨਸਾਫੀ ਹੈ, ਬੜਾ ਵੱਡਾ ਅਧਰਮ ਪਾਪ ਹੈ, ਜਿਸ ਨੂੰ ਅਸੀਂ ਜਾਣਦੇ ਹਾਂ ਪਰ ਮੰਨਦੇ ਨਹੀਂ। ਉਹ ਵੀ ਇਹ ਜਾਣ ਕੇ ਕਿ ਜਲ ਹੀ ਜੀਵਨ ਹੈ ਅਤੇ ਜਲ ਹੈ ਤਾਂ ਕੱਲ੍ਹ ਹੈ। ਮੰਨਿਆ ਕਿ ਮੀਂਹ ਦਾ ਚੱਕਰ ਬੇਤਰਤੀਬ ਹੋਇਆ ਹੈ ਪਰ ਕੀ ਕਦੀ ਜਾਣਿਆ ਕਿ ਕਿਉਂ? ਫਿਰ ਵੀ ਕੀ ਇਹ ਜ਼ਰੂਰੀ ਨਹੀਂ ਕਿ ਉਲਟ ਹਾਲਤ ਵਿੱਚ ਵੀ ਜਿੰਨਾ ਮੀਂਹ ਪੈ ਰਿਹਾ ਹੈ, ਉਸ ਨੂੰ ਸੰਭਾਲਣ ਲਈ ਗੰਭੀਰ ਹੋਇਆ ਜਾਵੇ ਤਾਂ ਕਿ ਧਰਤੀ ਦੀ ਸੁੱਤੀ ਕੁੱਖ ਨੂੰ ਸੰਜੀਵਨੀ ਮਿਲ ਜਾਵੇ।

ਮੀਂਹ ਦੇ ਪਾਣੀ ਨੂੰ ਸੰਭਾਲਣ ਲਈ ਕਾਗਜ਼ਾਂ ਵਿੱਚ ਤਾਂ ਸਾਡੇ ਕੋਲ ਵੱਡੀਆਂ-ਵੱਡੀਆਂ ਯੋਜਨਾਵਾਂ ਹਨ। ਰੇਨ ਵਾਟਰ ਹਾਰਵੈਸਟਿੰਗ ਦੇ ਇੱਕ ਤੋਂ ਇੱਕ ਮਾਡਲ ਹਨ। ਘਰ ਦੀ ਛੱਤ ਹੋਵੇ ਜਾਂ ਸ਼ਹਿਰ, ਕਸਬੇ ਦੀਆਂ ਸੜਕਾਂ ਜਾਂ ਖੇਤਾਂ ਦੀ ਵੱਟ ਜਾਂ ਪੱਧਰੇ ਮੈਦਾਨ, ਹਰ ਥਾਂ ਮਾਮੂਲੀ ਜਿਹੇ ਖਰਚੇ ਉੱਤੇ ਬਰਸਾਤੀ ਪਾਣੀ ਨੂੰ ਧਰਤੀ ਵਿੱਚ, ਘਰ ਦੇ ਖੂਹ ਜਾਂ ਬੋਰਵੈਲ, ਤਲਾਬ ਵਿੱਚਭੇਜਣ ਦੇ ਸਾਰੇ ਸੌਖੇ ਡਿਜ਼ਾਈਨ ਹਨ, ਪਰ ਸਵਾਲ ਉਹੀ ਕਿ ਇਸ ਬਾਰੇ ਲੋਕ, ਲੋਕ-ਪ੍ਰਤੀਨਿਧੀ, ਸਥਾਨਕ ਪ੍ਰਸ਼ਾਸਨ, ਸਰਕਾਰਾਂ ਅਤੇ ਬਿਊਰੋਕ੍ਰੇਟਸ ਕਿੱਥੇ ਸੰਜੀਦਾ ਹਨ।

ਲੱਗਦਾ ਨਹੀਂ ਕਿ ਜਿੰਦਾਂ ਸਾਫ਼-ਸਫ਼ਾਈ, ਖੁੱਲ੍ਹੇ ਵਿੱਚ ਜੰਗਲ ਪਾਣੀ ਰੋਕਣ, ਦੇਸ਼ ਭਰ ਵਿੱਚ ਸੜਕਾਂ ਦਾ ਨੈਟਵਰਕ, ਹਰ ਪਿੰਡ ਨੂੰ ਮੁਖ ਸੜਕ ਨਾਲ ਜੋੜਨ ਦੀ ਮੁਹਿੰਮ-ਸਮਾਰਟ ਸਿਟੀ, ਸਮਾਰਟ ਕਲਾਸ, ਡਿਜੀਟਲੀਕਰਨ ਦੀ ਲਾਜ਼ਮੀਅਤਾ ਭਾਵ ਸਾਡੀ ਜ਼ਿੰਦਗੀ ਨੂੰ ਸੁਖਾਵੀਂ, ਸੌਖੀ ਬਣਾ ਕੇ ਲੋੜਾਂ ਨੂੰ ਪੂਰਾ ਕਰਨ ਦੀਆਂ ਕਵਾਇਦਾਂ ਦਿੱਸਦੀਆਂ ਹਨ ਪਰ ਪਾਣੀ ਦੇ ਸੰਭਾਲਣ ਬਾਰੇ ਇਹ ਗੰਭੀਰਤਾ ਕਿਉਂ ਨਹੀਂ? ਬਰਸਾਤੀ ਪਾਣੀ ਇਕੱਠਾ ਕਰਨਾ ਹਰੇਕ ਘਰ, ਦਫ਼ਤਰ, ਅਦਾਰਿਆਂ, ਖੇਤ, ਖੂਹ, ਤਲਾਬ, ਬਾਊਲੀਆਂ ਲਈ ਨਾ ਸਿਰਫ਼ ਲਾਜ਼ਮੀ ਹੋਵੇ, ਸਗੋਂ ਹਰ ਸਾਲ ਤੇ ਖਾਸ ਕਰਕੇ ਮੀਂਹ ਦੌਰਾਨ ਇਸ ਗੱਲ ਦਾ ਨਿਯਮਿਤ ਆਡਿਟ ਵੀ ਹੋਵੇ ਕਿ ਕਿੱਥੇ-ਕਿੱਥੇ ਕਿੰਨਾ ਪਾਣੀ ਸੰਭਾਲਿਆ ਗਿਆ। ਇਸ ਲਈ ਉਨਤ ਤਕਨੀਕਾਂ ਵਿਕਸਿਤ ਕੀਤੀਆਂ ਜਾਣ, ਜੋ ਹੁਣ ਬੇਹੱਦ ਸੌਖੀਆਂ ਹਨ।

ਡ੍ਰੋਨ, ਸੈਟੇਲਾਈਟ ਮੈਪਿੰਗ, ਸਰਵੇਖਣ ਨਾਲ ਜਾਣਕਾਰੀ ਇਕੱਠੀ ਕੀਤੀ ਜਾਵੇ ਅਤੇ ਹਰ ਉਸ ਥਾਂ ਤੋਂ ਜਿੱਥੇ ਪੂਰੇ ਸਾਲ ਪਾਣੀ ਨੂੰ ਕੱਢਿਆ ਜਾਂਦਾ ਹੈ, ਮੀਂਹ ਦਾ ਕਿੰਨਾ ਪਾਣੀ ਉਸ ਸਰੋਤ ਨੂੰ ਵਾਪਸ ਮੋੜਿਆ ਗਿਆ। ਇਸ ਦੇ ਲਈ ਚਾਹੇ ਪੀ ਪੀ ਪੀ ਮਾਡਲ ਵਿਕਸਿਤ ਹੋਵੇ ਜਾਂ ਕਾਨੂੰਨ ਦੀ ਅਜ਼ਮਾਇਸ਼ ਜਾਂ ਡੰਡੇ ਦੀ ਵਰਤੋਂ ਕੀਤੀ ਜਾਵੇ। ਹਾਂ, ਭਾਵੀ ਪੀੜ੍ਹੀ ਦੀ ਸੁਰੱਖਿਅਤ ਜ਼ਿੰਦਗੀ ਲਈ ਬਿਨਾਂ ਦੇਰ ਕੀਤੇ ਇਹ ਕਰਨਾ ਹੀ ਹੋਵੇਗਾ, ਨਹੀਂ ਤਾਂ ਇੰਨੀ ਦੇਰ ਚੁੱਕੀ ਹੋਵੇਗੀ ਕਿ ਹੀਰੋਸ਼ੀਮਾ ਅਤੇ ਨਾਗਾਸਾਕੀ ਤੋਂ ਵੀ ਵੱਡੀ ਤ੍ਰਾਸਦੀ ਵਰਗਾ ਕੁਝ ਹੋ ਜਾਵੇ ਤਾਂ ਹੈਰਾਨੀ ਨਹੀਂ ਹੋਵੇਗੀ।






## ਜੱਜਾਂ ਦੇ ਸੁਣਵਾਈ ਤੋਂ ਹਟਣ ਪਿੱਛੋਂ ਮਜੀਠੀਆ ਦੀ ਜ਼ਮਾਨਤ ਦਾ ਕੇਸ ਦੂਸਰੇ ਬੈਂਚ ਕੋਲ ਤਬਦੀਲ

ਚੰਡੀਗੜ੍ਹ, 5 ਜੁਲਾਈ (ਪੋਸਟ ਬਿਊਰੋ)- ਡਰੱਗਜ਼ ਤਸਕਰਾਂ ਨੂੰ ਪਨਾਹ ਦੇਣ ਦੇ ਦੋਸ਼ ਹੇਠ ਦਰਜ ਕੇਸ ਵਿੱਚ ਜੇਲ੍ਹ ਵਿੱਚ ਬੰਦ ਸਾਬਕਾ ਮਾਲ ਮੰਤਰੀ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੀ ਰੈਗੂਲਰ ਜ਼ਮਾਨਤ ਉੱਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜਸਟਿਸ ਏ ਜੀ ਮਸੀਹ ਅਤੇ ਜਸਟਿਸ ਸੰਦੀਪ ਮੋਦਗਿਲ ਦੀ ਡਵੀਜ਼ਨ ਬੈਂਚ ਨੇ ਸੁਣਵਾਈ ਤੋਂ ਇਨਕਾਰ ਕਰ ਦਿੱਤਾ ਹੈ। ਪਹਿਲਾਂ ਇਸ ਬੈਂਚ ਨੇ ਫੈਸਲਾ ਰਾਖਵਾਂ ਰੱਖ ਲਿਆ ਸੀ, ਪਰ ਕੱਲ੍ਹ ਮੁੜ ਸੁਣਵਾਈ ਲਈ ਸੂਚੀਬੱਧ ਕਰ ਕੇ ਬੈਂਚ ਨੇ ਕਿਹਾ ਹੈ ਕਿ ਬੈਂਚ ਦੇ ਇੱਕ ਜੱਜ ਇਸ ਕੇਸ ਦੀ ਸੁਣਵਾਈ ਤੋਂ ਹਟਣਾ ਚਾਹੁੰਦੇ ਹਨ, ਇਸ ਲਈ ਇਹ ਕੇਸ ਚੀਫ ਜਸਟਿਸ ਨੂੰ ਦੂਸਰੀ ਬੈਂਚ ਕੋਲ ਸੁਣਵਾਈ ਕਰਨ ਹਿਤ ਵਾਪਸ ਭੇਜਿਆ ਜਾ ਰਿਹਾ ਹੈ।

ਵਰਨਣ ਯੋਗ ਹੈ ਕਿ ਦੋਵਾਂ ਪੱਖਾਂ ਦੀ ਲੰਮੀ ਬਹਿਸ ਪਿੱਛੋਂ ਉਕਤ ਬੈਂਚ ਨੇ ਫੈਸਲਾ ਰਾਖਵਾਂ ਰੱਖ ਲਿਆ ਸੀ। ਓਦੋਂ



ਬੈਂਚ ਨੇ ਸਰਕਾਰ ਤੋਂ ਪੁੱਛਿਆ ਸੀ ਕਿ ਆਖਰ ਇੱਕੋ ਤੱਥ ਦੀ ਘੋਖ ਕਰਨ ਲਈ ਜਦੋਂ ਪਹਿਲਾਂ ਦਰਜ ਕੇਸ ਵਿੱਚ ਜਾਂਚ ਹੋ ਚੁੱਕੀ ਹੈ ਤਾਂ ਨਵੀਂ ਸ਼ਿਕਾਇਤ ਕਿਵੇਂ ਦਰਜ ਹੋ ਸਕਦੀ ਹੈ। ਇਸ ਬਾਰੇ ਦੋਵਾਂ ਪੱਖਾਂ ਨੇ ਆਪੋ ਆਪਣੀਆਂ ਦਲੀਲਾਂ ਦਿੱਤੀਆਂ ਸਨ ਅਤੇ ਮਜੀਠੀਆ ਦੇ ਵਕੀਲ ਆਰ ਐਸ ਚੀਮਾ ਨੇ ਕਿਹਾ ਸੀ ਕਿ 13 ਸਾਲ ਪਹਿਲੇ ਦੋਸ਼ਾਂ ਦੀ ਜਾਂਚ ਪਹਿਲਾਂ ਹੋ ਚੁੱਕੀ ਹੈ ਤੇ ਨਵੀਂ ਦਰਜ ਕੀਤੀ ਗਈ ਸ਼ਿਕਾਇਤ ਵਿੱਚ ਵੀ ਉਨ੍ਹਾਂ ਦੋਸ਼ਾਂ ਦੀ ਜਾਂਚ ਕੀਤੀ ਜਾ ਰਹੀ ਹੈ। ਸਰਕਾਰ ਵੱਲੋਂ ਪੇਸ਼ ਹੋਏ ਸੁਪਰੀਮ ਕੋਰਟ ਦੇ ਵਕੀਲ ਵੀ ਵੀ ਗਿਰੀ ਨੇ ਕਿਹਾ ਸੀ ਕਿ ਕੁਝ ਤੱਥਾਂ ਬਾਰੇ ਪਹਿਲੀਆਂ ਰਿਪੋਰਟਾਂ ਵਿੱਚ ਸਪੱਸ਼ਟਤਾ ਨਹੀਂ ਹੈ ਤੇ ਅਜਿਹਾ ਨਹੀਂ ਹੈ ਕਿ ਨਵੀਂ ਸ਼ਿਕਾਇਤ ਦਰਜ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਇਸ ਬਾਰੇ ਟਰਾਂਜੈਕਸ਼ਨਾਂ ਦੀਆਂ ਰਿਪੋਰਟਾਂ ਆਉਣੀਆਂ ਬਾਕੀ ਹਨ ਤੇ ਵਿਦੇਸ਼ ਬੈਠੇ ਦੋਸ਼ੀਆਂ ਬਾਰੇ ਵੀ ਲਿਖਿਆ ਹੈ ਅਤੇ ਜਵਾਬ ਨਹੀਂ ਆਇਆ, ਇਸ ਲਈ ਜਾਂਚ ਨੂੰ ਸਮਾਂ ਲੱਗ ਸਕਦਾ ਹੈ ਤੇ ਮਜੀਠੀਆ ਨੂੰ ਅਜੇ ਜ਼ਮਾਨਤ ਨਹੀਂ ਦੇਣੀ ਚਾਹੀਦੀ। ਪੰਜਾਬ ਸਰਕਾਰ ਨੇ ਇਹ ਵੀ ਕਿਹਾ ਕਿ ਪਹਿਲਾਂ ਸਪੱਸ਼ਟ ਜਾਂਚ ਇਸ ਲਈ ਨਹੀਂ ਹੋਈ ਕਿ ਜਦੋਂ ਦੇ ਤੱਥਾਂ ਦੀ ਗੱਲ ਕੀਤੀ ਜਾ ਰਹੀ ਹੈ, ਓਦੋਂ ਮਜੀਠੀਆ ਦੀ ਪਾਰਟੀ ਸੱਤਾ ਵਿੱਚ ਸੀ ਤੇ ਦੂਜੀ ਟਰਮ ਵਿੱਚ ਮਜੀਠੀਆ ਮੰਤਰੀ ਸਨ। ਇਸ ਤੋਂ ਪਹਿਲਾਂ ਮਜੀਠੀਆ ਦੇ ਵਕੀਲਾਂ ਨੇ ਕਿਹਾ ਸੀ ਕਿ ਮਜੀਠੀਆ ਵਿਰੁੱਧ ਮੌਜੂਦਾ ਮਾਮਲਾ ਰਾਜਸੀ ਰੰਜਿਸ਼ ਕਾਰਨ ਦਰਜ ਕੀਤਾ ਗਿਆ ਸੀ।

## ਮੂਸੇਵਾਲਾ ਦੇ ਪਿਤਾ ਦਾ ਦਰਦ ਝਲਕਿਆ: ਵਿਧਾਨ ਸਭਾ ਚੋਣਾਂ ਸਮੇਂ ਵੀ ਮੇਰੇ ਪੁੱਤਰ ਉੱਤੇ ਅੱਠ ਵਾਰ ਹਮਲੇ ਦੀ ਕੋਸ਼ਿਸ਼ ਹੋਈ

ਮਾਨਸਾ, 5 ਜੁਲਾਈ (ਪੋਸਟ ਬਿਊਰੋ)- ਪਿਛਲੀ ਸਰਕਾਰ ਸਮੇਂ ਕਾਂਗਰਸ ਵੱਲੋਂ ਹਲਕਾ ਇੰਚਾਰਜ ਲਾਏ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਵੱਲੋਂ ਪਿੰਡ ਬੁਰਜ ਢਿੱਲਵਾਂ ਦੀ ਸੜਕ ਦੇ ਰੱਖੇ ਨੀਂਹ ਪੱਥਰ ਵਾਲ੍ਹੀ ਸੜਕ ਬਣਨ ਪਿੱਛੋਂ ਕੱਲ੍ਹ ਉਨ੍ਹਾਂ ਦੇ ਪਿਤਾ ਬਲਕੌਰ ਸਿੰਘ ਨੇ ਇਸ ਸੜਕ ਦਾ ਉਦਘਾਟਨ ਕੀਤਾ। ਇਸ ਮੌਕੇ ਸਿੱਧੂ ਮੂਸੇਵਾਲਾ ਦੀ ਮੌਤ ਤੋਂ ਬਾਅਦ ਉਸ ਦੇ ਪਿਤਾ ਬਲਕੌਰ ਸਿੰਘ ਦਾ ਦਰਦ ਝਲਕ ਪਿਆ। ਭਾਵੁਕ ਮਨ ਨਾਲ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਕਿਹਾ ਕਿ ਚੋਣਾਂ ਸਮੇਂ ਸਿੱਧੂ ਮੂਸੇਵਾਲਾ ਉਤੇ ਅੱਠ ਵਾਰ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਉਸ ਨਾਲ ਭਾਰੀ ਸੁਰੱਖਿਆ ਹੋਣ ਕਾਰਨ ਉਸ ਦਾ ਬਚਾਓ ਹੋ ਗਿਆ। ਮੂਸੇਵਾਲਾ ਨੂੰ ਮਾਰਨ ਲਈ ਪੰਜਾਹ-ਸੱਠ ਵਿਅਕਤੀ ਉਸ ਦੇ ਪਿੱਛੇ ਲੱਗੇ ਹੋਏ ਸਨ। ਜੇ



ਭਗਵੰਤ ਮਾਨ ਸਰਕਾਰ ਸੁਰੱਖਿਆ ਵਾਪਸ ਲੈਣ ਦਾ ਢਿੰਡੋਰਾ ਨਾ ਪਿੱਟਦੀ ਤਾਂ ਸ਼ਾਇਦ ਉਸ ਦੀ ਜਾਨ ਨਾ ਜਾਂਦੀ। ਉਨ੍ਹਾਂ ਕਿਹਾ ਕਿ ਖਤਰੇ ਦੇ ਬਾਅਦ ਸਿੱਧੂ ਮੂਸੇਵਾਲਾ ਦੀ ਸੁਰੱਖਿਆ ਵਾਪਸ ਲੈਣਾ ਸਮਝ ਤੋਂ ਪਰੇ ਹੈ। ਜਿਹੜੇ ਦੋ ਸੁਰੱਖਿਆ ਮੁਲਾਜ਼ਮਾਂ ਤੇ ਵੱਡਾ ਭਰੋਸਾ ਸੀ ਉਨ੍ਹਾਂ ਨੂੰ ਸਰਕਾਰ ਨੇ ਵਾਪਸ ਲੈ ਲਿਆ ਸੀ। ਮੂਸੇਵਾਲਾ ਦੇ ਪਿਤਾ ਨੇ ਕਿਹਾ ਕਿ ਅੱਜ ਪੰਜਾਬ ਸਰਕਾਰ ਵਿੱਚ ਸਰਕਾਰ ਦੇ ਬਰਾਬਰ ਗੈਂਗਸਟਰ ਵੱਖਰੀ ਸਰਕਾਰ ਚਲਾ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਆਪਣੇ ਪੁੱਤਰ ਨੂੰ ਜਿਊਂਦਾ ਰੱਖਣ ਲਈ ਤੇ ਨੌਜਵਾਨਾਂ ਦੀ ਭਾਵਨਾ ਨੂੰ ਸਮਝਦੇ ਹੋਏ ਜੋ ਕੁਝ ਕਰ ਸਕਦੇ ਹੋਏ, ਉਸ ਤੋਂ ਪਿੱਛੇ ਨਹੀਂ ਹਟਣਗੇ, ਪਰ ਸਿੱਧੂ ਮੂਸੇਵਾਲਾ ਦੀ ਜਾਨ ਅਤੇ ਉਨ੍ਹਾਂ ਨੂੰ ਪਿਆ ਘਾਟਾ ਕਦੇ ਵੀ ਪੂਰਾ ਨਹੀਂ ਹੋਵੇਗਾ।

## ਮੂਸੇਵਾਲਾ ਕਤਲ ਕੇਸ: ਪੰਜਾਬ ਪੁਲਸ ਨੇ ਸ਼ੂਟਰ ਪ੍ਰਿਆਵਰਤ ਫੌਜੀ ਸਮੇਤ ਚਾਰ ਮੁਲਜ਼ਮਾਂ ਦਾ ਟਰਾਂਜ਼ਿਟ ਰਿਮਾਂਡ ਲਿਆ

ਚੰਡੀਗੜ੍ਹ, 5 ਜੁਲਾਈ (ਪੋਸਟ ਬਿਊਰੋ)- ਪੰਜਾਬ ਪੁਲਸ ਨੇ ਕੱਲ੍ਹ ਸਿੱਧੂ ਮੂਸੇਵਾਲਾ ਕਤਲ ਕਾਂਡ ਦੇ ਦੋ ਸ਼ੂਟਰਾਂ ਸਣੇ ਚਾਰ ਵਿਅਕਤੀਆਂ ਦਾ ਦਿੱਲੀ ਦੀ ਪਟਿਆਲਾ ਹਾਊਸ ਕੋਰਟ ਤੋਂ ਟਰਾਂਜ਼ਿਟ ਰਿਮਾਂਡ ਲਿਆ ਹੈ।

ਮਿਲੀ ਸੂਚਨਾ ਅਨੁਸਾਰ ਪੁਲਸ ਨੇ ਪ੍ਰਿਆਵਰਤ ਉਰਫ ਫੌਜੀ (ਮੁੱਖ ਸ਼ੂਟਰ), ਕਸ਼ਿਸ਼ ਉਰਫ ਕੁਲਦੀਪ (ਸ਼ੂਟਰ), ਦੀਪਕ ਉਰਫ ਟੀਨੂੰ (ਗੈਂਗਸਟਰ ਲਾਰੈਂਸ ਬਿਸ਼ਨੋਈ ਦਾ ਕਰੀਬੀ ਸਹਿਯੋਗੀ) ਤੇ ਕੇਸ਼ਵ ਕੁਮਾਰ (ਮੁੱਖ ਸ਼ੂਟਰਾਂ ਨੂੰ ਵਾਹਨ ਲੈ ਕੇ ਦੇਣਅਤੇ ਫਰਾਰ ਕਰਾਉਣ ਵਿੱਚ ਮਦਦ ਕਰਨ ਵਾਲਾ) ਦਾ ਟਰਾਂਜ਼ਿਟ ਰਿਮਾਂਡ ਹਾਸਲ ਕੀਤਾ ਹੈ। ਵਿਸ਼ੇਸ਼ ਸਰਕਾਰੀ ਵਕੀਲ ਨੇ ਦੋਸ਼ੀ ਵਿਅਕਤੀਆਂ ਨੂੰ ਟਰਾਂਜ਼ਿਟ ਰਿਮਾਂਡ ਉੱਤੇ ਲਿਆਉਣ ਲਈ ਸਿਟੀ ਵਨ ਮਾਨਸਾ ਵੱਲੋਂ ਅਰਜ਼ੀ ਪੇਸ਼ ਕੀਤੀ ਸੀ। ਅਦਾਲਤ ਨੇ ਦੇਖਿਆ ਕਿ ਗ੍ਰਿਫਤਾਰ ਕੀਤੇ



ਵਿਅਕਤੀਆਂ ਨੇ ਘਿਨਾਉਣਾ ਅਪਰਾਧ ਕੀਤਾ ਹੈ, ਇਸ ਲਈ ਉਨ੍ਹਾ ਦਾ ਇੱਕ ਦਿਨ ਦਾ ਟਰਾਂਜ਼ਿਟ ਰਿਮਾਂਡ ਪ੍ਰਵਾਨ ਕੀਤਾ ਜਾਂਦਾ ਹੈ ਤਾਂ ਜੋ ਦੋਸ਼ੀਆਂ ਨੂੰ ਸਬੰਧਤ ਅਦਾਲਤ ਅੱਗੇ ਜਲਦ ਤੋਂ ਜਲਦ ਪੇਸ਼ ਕੀਤਾ ਜਾ ਸਕੇ। ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਮੁਲਜ਼ਮਾਂ ਦੀ ਡਾਕਟਰੀ ਜਾਂਚ ਸੁਪਰੀਮ ਕੋਰਟ ਤੋਂ ਤੈਅ ਨਿਯਮਾਂ ਤੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੀਤੀ ਜਾਵੇ। ਜੇ ਮੁਲਜ਼ਮਾਂ ਨੂੰ ਕਿਸੇ ਡਾਕਟਰੀ ਸਹੂਲਤ ਦੀ ਲੋੜ ਹੈ ਤਾਂ ਜਾਂਚ ਅਫਸਰ ਨੂੰ ਇਹ ਯਕੀਨੀ ਬਣਾਉਣ ਲਈ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਸਮੇਂ ਦੇ ਅੰਦਰ ਇਹ ਸਹੂਲਤ ਦਿੱਤੀ ਜਾਵੇ।

## ਮਿੱਡੂਖੇੜਾ ਕਤਲ: ਮੂਸੇਵਾਲਾ ਦੇ ਮੈਨੇਜਰ ਸ਼ਗਨਪ੍ਰੀਤ ਦੀ ਅਗਾਊਂ ਜ਼ਮਾਨਤ ਅਰਜ਼ੀ ਰੱਦ

ਐਸ ਏ ਐਸ ਨਗਰ (ਮੋਹਾਲੀ), 5 ਜੁਲਾਈ (ਪੋਸਟ ਬਿਊਰੋ)- ਐਸ ਓ ਆਈ ਦੇ ਸਾਬਕਾ ਪ੍ਰਧਾਨ ਤੇ ਯੂਥ ਅਕਾਲੀ ਦਲ ਦੇ ਸੀਨੀਅਰ ਆਗੂ ਵਿਕਰਮਜੀਤ ਸਿੰਘ ਮਿੱਡੂਖੇੜਾ ਦੇ ਕਤਲ ਬਾਰੇ ਮਟੌਰ ਥਾਣੇ ਵਿੱਚ ਦਰਜ ਕੇਸ ਵਿੱਚ ਗਾਇਕ ਸਿੱਧੂ ਮੂਸੇਵਾਲਾ ਦੇ ਮੈਨੇਜਰ ਰਹੇ ਸ਼ਗਨਪ੍ਰੀਤ ਸਿੰਘ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਨੇ ਅਗਾਊਂ ਜ਼ਮਾਨਤ ਦੇਣ ਤੋਂ ਜਵਾਬ ਦੇ ਦਿੱਤਾ ਹੈ। ਅਦਾਲਤ ਨੇ ਕਿਹਾ ਕਿ ਜਦੋਂ ਉਹ ਪਹਿਲਾਂ ਹੀ ਵਿਦੇਸ਼ ਵਿੱਚ ਹੈ ਤਾਂ ਉਸ ਨੂੰ ਅਗਾਊਂ ਜ਼ਮਾਨਤ ਕਿਵੇਂ ਦਿੱਤੀ ਜਾ ਸਕਦੀ ਹੈ? ਅਦਾਲਤ ਨੇ ਕਿਹਾ ਕਿ ਪਹਿਲਾਂ ਉਸ ਨੂੰ ਭਾਰਤ ਆਉਣਾ ਪਵੇਗਾ ਤੇ ਇਸ ਤੋਂ ਬਾਅਦ ਆਪਣੀ ਜ਼ਮਾਨਤ ਲਈ ਅਰਜ਼ੀ ਦੇ ਸਕਦਾ ਹੈ। ਸ਼ਗਨਪ੍ਰੀਤ ਉੱਤੇ ਸ਼ੂਟਰਾਂ ਨਾਲ ਤਾਲਮੇਲ ਹੋਣ ਦਾ ਦੋਸ਼ ਹੈ।

ਇੱਥੋਂ ਦੇ ਸੈਕਟਰ 71 ਦੀ ਮਾਰਕੀਟ ਵਿੱਚ ਸੱਤ ਅਗਸਤ 2021 ਨੂੰ ਨਕਾਬਪੋਸ਼ਾਂ ਨੇ ਅੰਨ੍ਹੇਵਾਹ



ਫਾਇਰਿੰਗ ਕਰ ਕੇ ਵਿੱਕੀ ਮਿੱਡੂਖੇੜਾ ਦਾ ਕਤਲ ਕਰ ਦਿੱਤਾ ਸੀ। ਬਾਅਦ ਵਿੱਚ ਸਿੱਧੂ ਮੂਸੇਵਾਲਾ ਦੇ ਮੈਨੇਜਰ ਸ਼ਗਨਪ੍ਰੀਤ ਸਿੰਘ ਦਾ ਨਾਂਅ ਵੀ ਜੁੜ ਗਿਆ। ਗੈਂਗਸਟਰਾਂ ਦੀਆਂ ਧਮਕੀਆਂ ਤੇ ਪੁਲਸ ਤੋਂ ਡਰਦਾ ਸ਼ਗਨਪ੍ਰੀਤ ਵਿਦੇਸ਼ ਦੌੜ ਗਿਆ ਤੇ ਅਜੇ ਆਸਟਰੇਲੀਆ ਵਿੱਚ ਹੈ, ਪਰ ਉਸ ਨੇ ਜਾਂਚ ਵਿੱਚ ਸ਼ਾਮਲ ਹੋਣ ਦੀ ਗੱਲ ਆਖੀ ਹੈ, ਜੇ ਮੋਹਾਲੀ ਪੁਲਸ ਉਸ ਦੀ ਸੁਰੱਖਿਆ ਯਕੀਨੀ ਬਣਾਏ ਕਿਉਂਕਿ ਉਸ ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਤੋਂ ਆਪਣੀ ਜਾਨ ਨੂੰ ਖਤਰਾ ਦੱਸਿਆ ਹੈ। ਇਸ ਮਾਮਲੇ ਵਿੱਚ ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਡੂੰਘਾਈ ਨਾਲ ਪੜਤਾਲ ਚੱਲ ਰਹੀ ਹੈ।

## ਭਾਰਤ-ਮਾਲਾ ਪ੍ਰੋਜੈਕਟ: ਅਕੁਆਇਰ ਕੀਤੀ ਹੋਈ ਜ਼ਮੀਨ ਵਿੱਚ ਕਿਸਾਨਾਂ ਨੇ ਝੋਨਾ ਜਾ ਲਾਇਆ

ਅਜਨਾਲਾ, 5 ਜੁਲਾਈ (ਪੋਸਟ ਬਿਊਰੋ)- ਭਾਰਤਮਾਲਾ ਪ੍ਰੋਜੈਕਟ ਅਧੀਨ ਨੈਸ਼ਨਲ ਹਾਈਵੇਅ ਅਥਾਰਟੀ ਆਫ ਇੰਡੀਆ ਦੀ ਦੇਖ ਰੇਖ ਹੇਠ ਬਣ ਰਹੇ ਨੈਸ਼ਨਲ ਹਾਈਵੇ ਨੰਬਰ 354 ਲਈ ਅਕੁਆਇਰ ਕੀਤੀ ਜ਼ਮੀਨ ਦਾ ਮੁਆਵਜ਼ਾ ਨਾ ਮਿਲਣ ਦੇ ਕਾਰਨਕਿਸਾਨਾਂ ਨੇ ਵੀ ਝੋਨਾ ਲਾਉਣਾ ਸ਼ੁਰੂ ਕਰ ਦਿੱਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਕਸਬਾ ਰਾਜਾਸਾਂਸੀ ਤੋਂ ਜ਼ਿਲ੍ਹਾ ਅੰਮ੍ਰਿਤਸਰ ਦੀ ਹੱਦ ਦੇ ਅੰਤਲੇ ਕਸਬੇ ਰਮਦਾਸ ਤਕ ਬਣਨ ਵਾਲੇ 35 ਕਿਲੋਮੀਟਰ ਦੇ ਕਰੀਬ ਚਹੁੰ ਮਾਰਗੀ ਨੈਸ਼ਨਲ ਹਾਈਵੇ ਲਈ ਮਾਲ



ਵਿਭਾਗ ਨੇ ਪੁਰਾਣੀ ਸੜਕ ਦੇ ਨਾਲ ਜ਼ਮੀਨ ਅਕੁਆਇਰ ਕੀਤੀ ਸੀ। ਮਾਲ ਵਿਭਾਗ ਨੇ ਪੁਰਾਣੀ ਸੜਕ ਦੇ ਨਾਲ- 11 ਫੁੱਟ ਦੇ ਕਰੀਬ ਦੋਵੇਂ ਪਾਸੇ ਬੁਰਜੀਆਂ ਲਾਈਆਂ ਸਨ। ਇਸ ਦੌਰਾਨ ਕਿਸਾਨਾਂ ਨੂੰ ਹਿਦਾਇਤ ਕੀਤੀ ਸੀ ਕਿ ਅਕੁਆਇਰ ਕੀਤੀ ਜ਼ਮੀਨ ਵਿੱਚ ਕੋਈ ਵੀ ਫਸਲ ਨਾ ਬੀਜੀ ਜਾਵੇ। ਨੈਸ਼ਨਲ ਹਾਈਵੇ ਲਈ ਅਕੁਆਇਰ ਕੀਤੀ ਜ਼ਮੀਨ ਦਾ 70 ਲੱਖ ਰੁਪਏਦੇ ਕਰੀਬ ਪ੍ਰਤੀ ਏਕੜ ਮੁਆਵਜ਼ਾ ਤੈਅਹੋਇਆ ਸੀ, ਪਰ ਇਸ ਸੜਕ ਦੇ ਨਾਲ-ਨਾਲ ਬਹੁਤੇ ਕਿਸਾਨਾਂ ਦੀ ਮਰਲਿਆਂ ਜਾਂ ਕਨਾਲਾਂ ਵਿੱਚ ਹੀ ਜ਼ਮੀਨ ਗ੍ਰਹਿਣ ਹੋਈ ਹੈ, ਜਿਸ ਦਾ ਮੁਆਵਜ਼ਾ ਕਈ ਕਿਸਾਨਾਂ ਨੂੰ ਮਿਲ ਗਿਆ, ਪਰ ਬਹੁਤੇ ਕਿਸਾਨ ਅਜੇ ਇਸ ਤੋਂ ਵਾਂਝੇ ਹਨ।

ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਧਨਵੰਤ ਸਿੰਘ ਖਤਰਾਏ ਕਲਾਂ ਨੇ ਦੱਸਿਆ ਕਿ ਅਕੁਆਇਰ ਹੋਈ ਜ਼ਮੀਨ ਦਾ ਮੁਆਵਜ਼ਾ ਲੈਣ ਲਈ ਸਬੰਧਤ ਕਿਸਾਨਾਂ ਨੇ ਐਸ ਡੀ ਐਮ ਦਫਤਰ ਅਜਨਾਲਾ ਵਿੱਚ ਆਪਣੇ ਕਾਗਜ਼ ਪੇਸ਼ ਕਰ ਦਿੱਤੇ ਹਨ, ਪਰ ਮੁਆਵਜ਼ਾ ਨਹੀਂ ਮਿ-ਲਿਆ। ਉਨ੍ਹਾਂ ਦੱਸਿਆ ਕਿ ਮੁਆਵਜ਼ਾ ਨਾ ਮਿਲਣ ਦੇ ਰੋਸ ਵਜੋਂ ਕਿਸਾਨਾਂ ਨੇ ਜ਼ਮੀਨ ਵਿੱਚ ਝੋਨਾ ਲਾਉਣਾ ਸ਼ੁਰੂ ਕਰ ਦਿੱਤਾ ਹੈ।







# ਏਕਨਾਥ ਸ਼ਿੰਦੇ ਨੇ ਮਹਾਰਾਸ਼ਟਰ ਵਿੱਚ ਬਹੁਮਤ ਸਾਬਤ ਕੀਤਾ

## * ਹੱਕ ਵਿੱਚ 164 ਵਿਧਾਇਕ ਤੇ ਵਿਰੋਧ ਵਿੱਚ 99 ਖੜੋਤੇ

ਮੁੰਬਈ, 5 ਜੁਲਾਈ (ਪੋਸਟ ਬਿਊਰੋ)- ਮਹਾਰਾਸ਼ਟਰ ਵਿੱਚ ਭਾਜਪਾ ਦੀ ਮਦਦ ਨਾਲ ਨਵੇਂ ਬਣੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੇ ਵਿਧਾਨ ਸਭਾ ਦੇ ਦੋ ਦਿਨਾਂ ਵਿਸ਼ੇਸ਼ ਸੈਸ਼ਨ ਦੇ ਆਖਰੀ ਦਿਨ ਸਦਨ ਵਿੱਚ ਬਹੁਮਤ ਸਾਬਤ ਕਰ ਦਿੱਤਾ। ਹਾਊਸ ਦੇ ਕੁੱਲ 288 ਮੈਂਬਰਾਂ ਵਿੱਚੋਂ 164 ਨੇ ਭਰੋਸਗੀ ਮਤੇ ਦੇ ਹੱਕ ਵਿੱਚ ਅਤੇ 99 ਨੇ ਖਿਲਾਫ ਵੋਟ ਪਾਈ। ਤਿੰਨ ਵਿਧਾਇਕ ਵੋਟਿੰਗ ਪ੍ਰਕਿਰਿਆ ਵਿੱਚ ਸ਼ਾਮਲ ਨਹੀਂ ਹੋਏ, ਜਦ ਕਿ ਕਾਂਗਰਸ ਪਾਰਟੀ ਦੇ ਅਸ਼ੋਕ ਚਵਾਨ ਤੇ ਵਿਜੈ ਵਡੇਤੀਵਾਰ ਸਮੇਤ 21 ਵਿਧਾਇਕ ਵੋਟਿੰਗ ਦੇ ਦੌਰਾਨ ਗੈਰ ਹਾਜ਼ਰ ਰਹੇ। ਇੱਕ ਸ਼ਿਵ ਸੈਨਾ ਵਿਧਾਇਕ ਦੀ ਮੌਤ ਹੋਣ ਮਗਰੋਂ ਵਿਧਾਨ ਸਭਾ ਦੇ ਮੈਂਬਰਾਂ ਦੀ ਮੌਜੂਦਾ ਗਿਣਤੀ 287 ਰਹਿ ਜਾਣ ਨਾਲ ਬਹੁਮਤ ਦਾ ਅੰਕੜਾ 144 ਸੀ।



ਵਰਨਣ ਯੋਗ ਹੈ ਕਿ ਬਹੁਮਤ ਸਾਬਤ ਕਰਨ ਦੇ ਵਕਤ ਸਮਾਜਵਾਦੀ ਪਾਰਟੀ ਦੇ ਦੋਵੇਂ ਵਿਧਾਇਕ ਅਬੂ ਆਜ਼ਮੀ ਤੇ ਰਾਈਸ ਸ਼ੇਖ਼ ਅਤੇ ਏ ਆਈ ਐਮ ਆਈ ਐਮ ਦੇ ਵਿਧਾਇਕ ਸ਼ਾਹ ਫਾਰੂਕ ਅਨਵਰ ਵੋਟਿੰਗ ਤੋਂ ਦੂਰ ਰਹੇ। 11 ਕਾਂਗਰਸੀ ਵਿਧਾਇਕ ਵੋਟਿੰਗ ਦੌਰਾਨ ਗੈਰ ਹਾਜ਼ਰ ਰਹੇ। ਕਾਂਗਰਸੀ ਆਗੂ ਚਵਾਨ ਤੇ ਵਡੇਤੀਵਾਰ ਦੇਰੀ ਨਾਲ ਆਏ ਤੇ ਵੋਟਿੰਗ ਸਮੇਂ ਸਦਨ ਵਿੱਚ ਨਹੀਂ ਵੜੇ। ਫਲੋਰ ਟੈਸਟ ਤੋਂ ਪਹਿਲਾਂ ਊਧਵ ਠਾਕਰੇ ਧੜੇ ਤੋਂ ਸ਼ਿਵ ਸੈਨਾ ਦੇ ਇੱਕ ਹੋਰ ਵਿਧਾਇਕ ਸੰਤੋਸ਼ ਬਾਂਗਰ ਨੇ ਮੁੱਖ ਮੰਤਰੀ ਸ਼ਿੰਦੇ ਦੇ ਧੜੇ ਵਿੱਚਸ਼ਾਮਲ ਹੋ ਜਾਣ ਨਾਲ ਸ਼ਿੰਦੇ ਧੜੇ ਦੀ ਗਿਣਤੀ ਵਧ ਕੇ ਚਾਲੀ ਹੋ ਗਈ ਹੈ।

ਬਹੁਮਤ ਸਾਬਤ ਕਰਨ ਪਿੱਛੋਂ ਸਦਨ ਵਿੱਚ ਬੋਲਦਿਆਂ ਸਾਬਕਾ ਮੁੱਖ ਮੰਤਰੀ ਅਤੇ ਨਵੀਂ ਸਰਕਾਰ ਦੇ ਉੱਪ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਕਿਹਾ ਕਿ ਜਦ ਕੁਝ ਵਿਧਾਇਕ ਵੋਟਿੰਗ ਕਰ ਰਹੇ ਸਨ ਤਾਂ ਵਿਰੋਧੀ ਬੈਂਚਾਂ ਦੇ ਮੈਂਬਰ ਈ ਡੀ, ਈ ਡੀ ਦੇ ਨਾਅਰੇ ਲਾ ਰਹੇ ਸਨ। ਫੜਨਵੀਸ ਨੇ ਕਿਹਾ ਕਿ ਇਹ ਸੱਚ ਹੈ ਕਿ ਨਵੀਂ ਸਰਕਾਰ ਈ ਡੀ ਵੱਲੋਂ ਬਣਵਾਈ ਗਈ ਹੈ, ਜਿਸ ਦਾ ਅਰਥ 'ਏਕਨਾਥ ਤੇ ਦੇਵੇਂਦਰ' ਹੈ। ਉਨ੍ਹਾਂ ਊਧਵ ਠਾਕਰੇ ਦਾ ਨਾਅ ਲਏ ਬਗੈਰ ਦਾਅਵਾ ਕੀਤਾ ਕਿ ਮਹਾਰਾਸ਼ਟਰ ਨੇ ਪਿਛਲੇ ਕੁਝ ਸਾਲਾਂ ਵਿੱਚ ਲੀਡਰਸ਼ਿਪ ਦੀ ਘਾਟ ਵੇਖੀ ਹੈ, ਪਰ ਸਦਨ ਵਿੱਚ ਦੋ ਆਗੂ (ਸ਼ਿੰਦੇ ਅਤੇ ਉਹ ਖੁਦ) ਹਨ, ਜੋ ਹਮੇਸ਼ਾ ਲੋਕਾਂ ਲਈ ਹਾਜ਼ਰ ਰਹਿਣਗੇ।

# ਪੁਤਿਨ ਵੱਲੋਂ ਯੂਕਰੇਨ ਦੇ ਸੂਬੇ ਲੁਹਾਂਸਕ ਵਿੱਚ ਜਿੱਤ ਦਾ ਐਲਾਨ

## *ਯੂਕਰੇਨੀ ਫੌਜ ਨੇ ਲਿਸੀਚਾਂਸਕ ਵੀ ਛੱਡਿਆ

ਪੋਕਰੋਵਸਕ, 5 ਜੁਲਾਈ (ਪੋਸਟ ਬਿਊਰੋ)- ਯੂਕਰੇਨੀ ਫੌਜ ਵੱਲੋਂ ਲਿਸੀਚਾਂਸਕ ਸ਼ਹਿਰ ਛੱਡਣ ਤੋਂ ਅਗਲੇ ਦਿਨ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਯੂਕਰੇਨ ਦੇ ਲੁਹਾਂਸਕ ਸੂਬੇ ਉਤੇ ਜਿੱਤ ਦਾ ਐਲਾਨ ਕਰ ਦਿੱਤਾ ਹੈ।



ਰੂਸ ਦੇ ਰੱਖਿਆ ਮੰਤਰੀ ਸੇਰਗੇਈ ਸ਼ੋਇਗੂ ਨੇ ਇੱਕ ਮੀਟਿੰਗ ਵਿੱਚ ਰਾਸ਼ਟਰਪਤੀ ਪੁਤਿਨ ਨੂੰ ਦੱਸਿਆ ਕਿ ਰੂਸ ਦੀ ਫੌਜ ਨੇ ਲੁਹਾਂਸਕ ਉੱਤੇ ਕਬਜ਼ਾ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਲੁਹਾਂਸਕ ਸੂਬੇ ਵਿੱਚ ਯੂਕਰੇਨੀ ਫੌਜ ਦੇਆਖਰੀ ਗੜ੍ਹ ਲਿਸੀਚਾਂਸਕ ਸ਼ਹਿਰ ਉੱਤੇ ਐਤਵਾਰ ਰੂਸ ਦਾ ਕਬਜ਼ਾ ਹੋਣ ਨਾਲ ਮੁਹਿੰਮ ਪੂਰੀ ਹੋ ਗਈ ਹੈ। ਯੂਕਰੇਨ ਵਿੱਚ ਹਮਲੇ ਮਗਰੋਂ ਰੂਸੀ ਫੌਜ ਨੇ ਪੂਰਬੀ ਯੂਕਰੇਨ ਵਿੱਚ ਹਮਲੇ ਤੇਜ਼ ਕਰ ਦਿੱਤੇ ਹਨ। ਲੁਹਾਂਸਕ ਦੇ ਗਵਰਨਰ ਸੇਰਹੀ ਹੈਦਾਈ ਨੇ ਦੱਸਿਆ ਕਿ ਯੂਕਰੇਨ ਫੌਜ ਨੇ ਘੇਰਾਬੰਦੀ ਤੋਂ ਬਚਣ ਲਈ ਲਿਸੀਚਾਂਸਕ ਛੱਡ ਦਿੱਤਾ ਹੈ। ਯੂਕਰੇਨ ਦੇ ਜਨਰਲ ਸਟਾਫ ਨੇ ਕਿਹਾ ਕਿ ਰੂਸੀ ਫੌਜ ਡੋਨਬਾਸ ਖੇਤਰ ਵਿੱਚ ਸਿਵਰਸਕ, ਫਿਡੋਰਿਵਕਾ ਅਤੇ ਬਖਮਤ ਵੱਲ ਵਧਣ ਦੀ ਕੋਸ਼ਿਸ਼ ਕਰ ਰਹੀ ਸੀ। ਉਨ੍ਹਾਂ ਨੇ ਇੱਥੋਂ ਦੇ ਅਹਿਮ ਸਥਾਨਾਂ ਸਲੋਵਿਆਂਸਕ ਅਤੇ ਕ੍ਰੈਮਾਟੋਰਸਕ ਉੱਤੇ ਬੰਬਾਰੀ ਵੀ ਕੀਤੀ।

ਕੱਲ੍ਹ ਬ੍ਰਿਟੇਨ ਦੇ ਰੱਖਿਆ ਮੰਤਰਾਲੇ ਨੇ ਯੂਕਰੇਨੀ ਫੌਜ ਵੱਲੋਂ ਕੀਤੇ ਮੁਲਾਂਕਣ ਨੂੰ ਠੀਕ ਦੱਸਿਆ।ਉਨ੍ਹਾਂ ਕਿਹਾ ਸੀ ਕਿ ਰੂਸੀ ਫੌਜ ਯਕੀਨਨ ਦੋਨੇਤਸਕ ਉੱਤੇ ਕਬਜ਼ਾ ਕਰਨਾ ਸ਼ੁਰੂ ਕਰੇਗੀ। ਯੂਕਰੇਨੀ ਰਾਸ਼ਟਰਪਤੀ ਵਲਾਦੀਮੀਰ ਜ਼ੇਲੈਂਸਕੀ ਨੇ ਇੱਕ ਵੀਡੀਓ ਜਾਰੀ ਕਰ ਕੇ ਮੰਨਿਆ ਹੈ ਕਿ ਉਨ੍ਹਾਂ ਦੀ ਫੌਜ ਵਾਪਸ ਚਲੀ ਗਈ ਹੈ।

## ਪੰਜਾਬ ਏ ਸੀ ਬੀ ਟੀਮ ਦੇ ਮੈਂਬਰ ਬਣ ਕੇ ਕਾਰੋਬਾਰੀ ਨੂੰ ਲੁੱਟਣ ਪਹੁੰਚੇ ਚਾਰ ਕਾਬੂ

ਨਵੀਂ ਦਿੱਲੀ, 5 ਜੁਲਾਈ (ਪੋਸਟ ਬਿਊਰੋ)- ਸ਼ਾਹਦਰਾ ਥਾਣੇ ਦੇ ਪਿੱਛੇ ਰਹਿੰਦੇ ਇੱਕ ਮਨੀ ਐਕਸਚੇਂਜ ਕਾਰੋਬਾਰੀ ਦੇ ਘਰ ਐਤਵਾਰ ਸ਼ਾਮ ਫਿਲਮ 'ਸਪੈਸ਼ਲ 26' ਦੀ ਤਰਜ਼ ਉੱਤੇ ਪੰਜਾਬ ਦੇ ਐਂਟੀ ਕਰੱਪਸ਼ਨ ਬਿਊਰੋ (ਏ ਸੀ ਬੀ) ਦੀ ਟੀਮ ਬਣ ਕੇ ਚਾਰ ਔਰਤਾਂ ਸਮੇਤ 16 ਬਦਮਾਸ਼ਾਂ ਨੇ ਲੁੱਟ ਦੀ ਕੋਸ਼ਿਸ਼ ਕੀਤੀ। ਪਰਵਾਰ ਦੀ ਹੁਸ਼ਿਆਰੀ ਅਤੇ ਰੌਲਾ ਪਾਉਣ ਕਾਰਨ ਆਸਪਾਸ ਦੇ ਲੋਕਾਂ ਦੇ ਇਕੱਠਾ ਹੋਣ ਅਤੇ ਓਥੇ ਪੁਲਸ ਦੇ ਪੁੱਜਣ ਉੱਤੇ 12 ਦੋਸ਼ੀ ਫਰਾਰ ਹੋ ਗਏ। ਪੁਲਸ ਨੇ ਔਰਤ ਸਣੇ ਚਾਰ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਦੀ ਪਛਾਣ ਪੰਜਾਬ ਦੇ ਫਤਿਹਗੜ੍ਹ ਸਾਹਿਬ ਦੇ ਗੁਰਜੰਟ ਸਿੰਘ ਤੇ ਸਤਪਾਲ, ਲੁਧਿਆਣੇ ਦੀ ਗੁਰਪ੍ਰੀਤ ਕੌਰ ਅਤੇ ਚੰਡੀਗੜ੍ਹ ਦੇ ਨਵਜੋਤ ਵਜੋਂ ਹੋਈ ਹੈ। ਚਾਂਦਨੀ ਚੌਕ ਵਿੱਚ ਮਨੀ ਐਕਸਚੇਂਜ ਦਾ ਕਾਰੋਬਾਰ ਕਰਨ ਵਾਲੇ ਕਮਲ ਕਿਸ਼ੋਰ ਗੁਪਤਾ ਪਰਵਾਰ ਨਾਲ ਬਲਾਕ ਨਵੀਨ ਸ਼ਾਹਦਰਾ ਵਿੱਚ ਦੋ ਮੰਜ਼ਿਲਾ ਮਕਾਨ ਵਿੱਚ ਰਹਿੰਦੇ ਹਨ। ਐਤਵਾਰ ਸ਼ਾਮ ਉਹ ਪਰਵਾਰ ਨਾਲ ਘਰ ਵਿੱਚ ਬੈਠੇ ਹੋਏ ਸਨ ਤਾਂ ਕਰੀਬ ਛੇ ਵਜੇ ਕਿਸੇ ਨੇ ਘਰ ਦੀ ਘੰਟੀ ਵਜਾਈ। ਗੇਟ ਖੁੱਲ੍ਹਦੇ ਸਾਰ ਕਰੀਬ 12 ਮਰਦ ਤੇ ਚਾਰ ਔਰਤਾਂ ਜਬਰੀ ਘਰ ਵਿੱਚ ਵੜ ਗਏ ਤੇ ਕਹਿਣ ਲੱਗੇ ਕਿ ਉਹ ਏ ਸੀ ਬੀ ਤੋਂ ਹਨ ਅਤੇ ਘਰ ਦੀ ਤਲਾਸ਼ੀ ਲੈਣੀ ਹੈ। ਜਦ ਉਨ੍ਹਾਂ ਤੋਂ ਆਈ ਕਾਰਡ ਮੰਗੇ ਤਾਂ ਉਨ੍ਹਾਂ ਨੇ ਦਿਖਾਉਣ ਤੋਂ ਇਨਕਾਰ ਕਰ ਦਿੱਤਾ। ਇਸ ਉੱਤੇ ਪਰਵਾਰ ਨੇ ਰੌਲਾ ਪਾ ਦਿੱਤਾ। ਰੌਲਾ ਸੁਣ ਕੇ ਉਨ੍ਹਾਂ ਦੇ ਗੁਆਂਢੀ ਘਰ ਦੇ ਬਾਹਰ ਇਕੱਠੇ ਹੋ ਗਏ ਅਤੇ ਉਨ੍ਹਾਂ ਪੁਲਸ ਨੂੰ ਸੂਚਨਾ ਦੇ ਦਿੱਤੀ। ਖੁਦ ਨੂੰ ਘਿਰੇ ਦੇਖ ਕੇ 12 ਦੋਸ਼ੀ ਕਾਰ ਵਿੱਚ ਸਵਾਰ ਹੋ ਕੇ ਫਰਾਰ ਹੋ ਗਏ, ਪਰ ਔਰਤ ਸਮੇਤ ਚਾਰ ਦੋਸ਼ੀਆਂ ਨੂੰ ਪੁਲਸ ਨੇ ਫੜ ਲਿਆ।

# ਆਪਣੀ ਨਵੀਂ ਡਾਕੂਮੈਂਟਰੀ 'ਕਾਲੀ' ਦੇ ਪੋਸਟਰ ਨਾਲ ਫਿਲਮ ਨਿਰਮਾਤਾ ਲੀਨਾ ਵਿਵਾਦਾਂ ਵਿੱਚ ਘਿਰੀ

ਨਵੀਂ ਦਿੱਲੀ, 5 ਜੁਲਾਈ (ਪੋਸਟ ਬਿਊਰੋ)- ਪਿਛਲੇ ਦਿਨੀਂ ਫਿਲਮ ਨਿਰਮਾਤਾ ਲੀਨਾ ਮਨੀਮੇਕਲਈ ਦੀ ਡਾਕੂਮੈਂਟਰੀ 'ਕਾਲੀ' ਦਾ ਪੋਸਟਰ ਰਿਲੀਜ਼ ਹੋਇਆ ਹੈ। ਇਸ ਨੂੰ ਦੇਖ ਕੇ ਹਿੰਦੂ ਧਰਮ ਨਾਲ ਜੁੜੇ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਲੱਗੀ ਦੱਸੀ ਜਾਂਦੀ ਹੈ ਜਿਸ ਨਾਲ ਸੋਸ਼ਲ ਮੀਡੀਆ ਉੱਤੇ ਵਿਵਾਦ ਛਿੜ ਗਿਆ ਹੈ। ਇਸ ਵਿੱਚ ਮਾਤਾ ਕਾਲੀ ਦਾ ਅਪਮਾਨ ਕੀਤਾ ਦੱਸਿਆ ਜਾ ਰਿਹਾ ਹੈ। ਕਾਲੀ ਮਾਤਾ ਨੂੰ ਇਤਰਾਜ਼ਯੋਗ ਸਥਿਤੀ ਵਿੱਚ ਦਿਖਾਉਣ ਲਈ ਕਈ ਯੂਜ਼ਰਜ਼ ਨੇ ਪੁਲਸ ਅਤੇ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਟੈਗ ਕਰ ਕੇ ਇਸ ਫਿਲਮ ਨੂੰ ਬਣਾਉਣ ਵਾਲਿਆਂ ਦੇ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ, ਉਥੇ ਹੀ ਕਈ ਲੋਕ ਫਿਲਮ ਨਿਰਮਾਤਾ ਦੀ ਗ੍ਰਿਫਤਾਰੀ ਦੀ ਮੰਗ ਵੀ ਕਰ ਰਹੇ ਹਨ।

ਵਰਨਣ ਯੋਗ ਹੈ ਕਿ ਫਿਲਮਮੇਕਰ ਲੀਨਾ ਨੇ ਪਿੱਛੇ ਜਿਹੇ ਆਪਣੀ ਡਾਕੂਮੈਂਟਰੀ 'ਕਾਲੀ' ਦਾ ਪੋਸਟਰ ਟਵਿੱਟਰ ਉੱਤੇਰਿਲੀਜ਼ ਕੀਤਾ ਹੈ। ਇਸ ਪੋਸਟਰ ਨਾਲ ਉਨ੍ਹਾਂ ਦੱਸਿਆ ਕਿ ਉਹ ਬਹੁਤ ਉਤਸ਼ਾਹਤ ਹਨ ਕਿ ਉਨ੍ਹਾਂ ਦੀ ਡਾਕੂਮੈਂਟਰੀ ਦਾ ਪੋਸਟਰ 'ਕੈਨੇਡਾ ਫਿਲਮ ਫੈਸਟੀਵਲ (ਰਿਦਮਜ਼ ਆਫ ਕੈਨੇਡਾ) ਵਿੱਚ ਲਾਂਚ ਹੋਇਆ ਹੈ। ਇਸ ਪੋਸਟਰ ਵਿੱਚ ਕਾਲੀ ਮਾਤਾ ਨੂੰ ਸਿਗਰਟ ਪੀਂਦੇ ਦਿਖਾਇਆ ਗਿਆ ਹੈ ਅਤੇ ਨਾਲ ਇੱਕ ਹੱਥ ਵਿੱਚ ਤ੍ਰਿਸ਼ੂਲ ਅਤੇ ਇੱਕ ਹੱਥ ਵਿੱਚ ਐਲ ਜੀ ਬੀ ਟੀ ਕਿਊ ਭਾਈਚਾਰੇ ਦਾ ਝੰਡਾ ਨਜ਼ਰ ਆ ਰਿਹਾ ਹੈ। ਇਸ ਨੂੰ ਦੇਖ ਕੇ ਸੋਸ਼ਲ ਮੀਡੀਆ ਉੱਤੇ ਯੂਜ਼ਰਜ਼ ਕਾਫੀ ਗੁੱਸੇ ਵਿੱਚ ਹਨ ਅਤੇ ਲੀਨਾ ਬਾਰੇ ਕਾਫੀ ਕੁਝ ਬੋਲ ਰਹੇ ਹਨ। ਇੱਕ ਯੂਜ਼ਰ ਨੇ ਟਵਿੱਟਰ ਉੱਤੇ ਲਿਖਿਆ,"ਰੋਜ਼ ਹਿੰਦੂ ਧਰਮ ਦੀਆਂ ਭਾਵਨਾਵਾਂ ਨੂੰ ਠੇਸ ਲਾਈ ਜਾਂਦੀ ਹੈ। ਉਹ ਸਾਡੇ ਸਬਰ ਦਾ ਇਮਤਿਹਾਨ ਲੈ ਰਹੇ ਹਨ।" ਇੱਕ ਯੂਜ਼ਰ ਨੇ ਅਮਿਤ ਸ਼ਾਹ ਤੇ ਨਰਿੰਦਰ ਮੋਦੀ ਨੂੰ ਟੈਗ ਕਰ ਕੇ ਇਸ ਪੋਸਟਰ ਅਤੇ ਫਿਲਮ ਨਿਰਮਾਤਾ ਉੱਤੇ ਕਾਰਵਾਈ ਦੀ ਮੰਗ ਵੀ ਕੀਤੀ ਹੈ। ਕੁਝ ਹੋਰ ਯੂਜ਼ਰਸ ਨੇ ਕਿਹਾ ਕਿ ਕੀ ਦੂਜੇ ਧਰਮਾਂ ਦੀਆਂ ਭਾਵਨਾਵਾਂ ਨੂੰ ਏਦਾਂ ਸਿਗਰਟ ਪੀਂਦੇ ਹੋਏ ਦਿਖਾਇਆ ਜਾ ਸਕਦਾ ਹੈ? ਉਸੇ ਯੂਜ਼ਰ ਨੇ ਇਸ ਨੂੰ ਧਰਮਨਿੰਦਾ ਕਿਹਾ ਅਤੇ ਹਿੰਦੂਆਂ ਦੀਆਂ ਭਾਵਨਾਵਾਂ ਨੂੰ ਠੇਸ ਲਾਉਣ ਦਾ ਦੋਸ਼ ਲਾਇਆ ਹੈ।

## ਗਵਰਨਰ ਮਲਿਕ ਨੇ ਕਿਹਾ:

# ਲਾਲ ਕਿਲ੍ਹੇ ਉਤੇ ਝੰਡਾ ਲਹਿਰਾਉਣ ਦਾ ਹੱਕ ਸਿੱਖਾਂ ਦਾ ਵੀ ਹੈ

ਪਾਣੀਪਤ, 5 ਜੁਲਾਈ (ਪੋਸਟ ਬਿਊਰੋ)- ਮੇਘਾਲਿਆ ਦੇ ਗਵਰਨਰ ਸਤਿਆਪਾਲ ਮਲਿਕ ਪਹਿਲਾਂ ਵੀ ਕਈ ਵਾਰ ਭਾਰਤ ਦੀ ਨਰਿੰਦਰ ਮੋਦੀ ਸਰਕਾਰ ਖਿਲਾਫ ਬਿਆਨਬਾਜ਼ੀ ਕਰ ਚੁੱਕੇ ਹਨ, ਕਿਸਾਨ ਅੰਦੋਲਨ, ਅਗਨੀਪਥ ਸਕੀਮ ਹੋਵੇ ਜਾਂ ਕੋਈ ਹੋਰ ਉਹ ਟਿਪਣੀ ਕਰਨ ਤੋਂ ਨਹੀਂ ਝਿਜਕਦੇ। ਇਸ ਵਾਰ ਉਨ੍ਹਾਂ ਨੇ 2021 ਵਿੱਚ ਗਣਤੰਤਰ ਦਿਵਸ ਮੌਕੇ ਲਾਲ ਕਿਲ੍ਹੇ ਉੱਤੇ ਨਿਸ਼ਾਨ ਸਾਹਿਬ ਲਹਿਰਾਉਣਬਾਰੇ ਟਿੱਪਣੀ ਕੀਤੀ ਹੈ।



ਗਵਰਨਰ ਸਤਿਆਪਾਲ ਮਲਿਕ ਨੇ ਕਿਸਾਨ ਅੰਦੋਲਨ ਦੌਰਾਨ ਲਾਲ ਕਿਲ੍ਹੇ ਉੱਤੇ ਨਿਸ਼ਾਨ ਸਾਹਿਬ ਲਹਿਰਾਉਣ ਨੂੰ ਜਾਇਜ਼ ਠਹਿਰਾਇਆ ਅਤੇ ਕਿਹਾ ਕਿ ਇਹ ਨਿਸ਼ਾਨ ਲਹਿਰਾਉਣਾ ਗਲਤ ਨਹੀਂ। ਉਨ੍ਹਾਂ ਕਿਹਾ ਕਿ ਸਿੱਖ ਨੌਜਵਾਨਾਂ ਨੇ ਕਿਸੇ ਪਾਰਟੀ ਦਾ ਝੰਡਾ ਨਹੀਂ ਲਹਿਰਾਇਆ ਤੇ ਨਾ ਇਹ ਉਥੇ ਲਹਿਰਾਇਆ ਸੀ, ਜਿੱਥੇ ਪ੍ਰਧਾਨ ਮੰਤਰੀ ਲਹਿਰਾਉਂਦੇ ਹਨ, ਐਵੇਂਇਸ ਨੂੰ ਦੇਸ਼ ਧਰੋਹ ਦੀ ਕਾਰਵਾਈ ਦੱਸਿਆ ਗਿਆ ਸੀ। ਪਾਣੀਪਤ ਵਿੱਚ ਹੋਏ ਇੱਕ ਪ੍ਰੋਗਰਾਮ ਦੌਰਾਨ ਸਤਿਆਪਾਲ ਮਲਿਕ ਨੇ ਕਿਹਾ ਕਿ ਲਾਲ ਕਿਲ੍ਹੇ ਉੱਤੇ ਝੰਡਾ ਲਹਿਰਾਉਣ ਦਾ ਸਭ ਤੋਂ ਪਹਿਲਾ ਅਧਿਕਾਰ ਦੇਸ਼ ਦੇ ਪ੍ਰਧਾਨ ਮੰਤਰੀ ਦਾ ਹੈ, ਪਰ ਉਸ ਤੋਂ ਬਾਅਦ ਜੇ ਕਿਸੇ ਹੋਰ ਨੂੰ ਹੱਕ ਹੈ ਤਾਂ ਉਹ ਸਿੱਖਾਂ ਦਾ ਅਤੇ ਸਾਡਾ (ਜਾਟਾਂ) ਦਾ ਹੈ।

ਪਾਣੀਪਤ ਦੇ ਮਤਲੌਦਾ ਵਿਚਲੇ ਤਿਰਕੁ ਤੀਰਥ ਉੱਤੇ ਸੰਯੁਕਤ ਕਿਸਾਨ ਸੰਘਰਸ਼ ਕਮੇਟੀ ਦੀ ਤਰਫੋਂ ਗਵਰਨਰ ਸਤਿਆਪਾਲ ਮਲਿਕ ਦਾ ਸਨਮਾਨ ਸਮਾਗਮ ਕਰਨ ਮੌਕੇ ਉਹ ਵੱਖ-ਵੱਖ ਪਿੰਡਾਂ ਦੇ ਲੋਕਾਂ ਸਾਹਮਣੇ ਬੋਲ ਰਹੇ ਸਨ। ਉਨ੍ਹਾਂ ਕਿਹਾ ਕਿ ਕਿਸਾਨ ਅੱਧੀ ਲੜਾਈ ਲੜ ਚੁੱਕੇ ਹਨ ਅਤੇ ਅੱਧੀ ਅਜੇ ਬਾਕੀ ਹੈ। ਜਦੋਂ ਤਕ ਘੱਟੋ ਘੱਟ ਸਮਰਥਨ ਮੁੱਲ ਯਾਨੀ ਗਾਰੰਟੀ ਕਾਨੂੰਨ ਨਹੀਂ ਬਣ ਜਾਂਦਾ, ਕਿਸਾਨਾਂ ਦੀ ਆਮਦਨ ਵਧਾਉਣ ਦੇ ਦਾਅਵੇ ਫੋਕੇ ਰਹਿਣਗੇ।

ਇਸ ਮੌਕੇਗਵਰਨਰ ਮਲਿਕ ਨੇ ਫੌਜ ਦੀ ਭਰਤੀ ਯੋਜਨਾ ਅਗਨੀਪਥ ਯੋਜਨਾ ਦਾ ਵੀ ਖੁੱਲ੍ਹਾ ਵਿਰੋਧ ਕੀਤਾ। ਇਸ ਤੋਂ ਪਹਿਲਾਂ ਉਨ੍ਹਾਂ ਨੇ ਬਾਗਪਤ ਵਿੱਚ ਕਿਹਾ ਸੀ ਕਿ ਇਹ ਯੋਜਨਾ ਜਵਾਨਾਂ ਦੇ ਵਿਰੁੱਧ ਹੈ। ਇਹ ਉਨ੍ਹਾਂ ਦੀਆਂ ਉਮੀਦਾਂ ਨਾਲ ਧੋਖਾ ਹੈ। ਛੇ ਮਹੀਨੇ ਦੀ ਟਰੇਨਿੰਗ, ਛੇ ਮਹੀਨੇ ਦੀ ਛੁੱਟੀ ਅਤੇ ਤਿੰਨ ਸਾਲ ਦੀ ਸਰਵਿਸ ਤੋਂ ਬਾਅਦ ਜਦੋਂ ਜਵਾਨ ਘਰ ਪਰਤਿਆ ਤਾਂ ਉਸ ਦਾ ਵਿਆਹ ਵੀ ਨਹੀਂ ਹੋਵੇਗਾ।

# ਕੁੱਲੂ ਵਿੱਚ ਬੱਸ ਖੱਡ ਵਿੱਚ ਡਿੱਗਣ ਨਾਲ 13 ਮੌਤਾਂ



ਸ਼ਿਮਲਾ, 5 ਜੁਲਾਈ (ਪੋਸਟ ਬਿਊਰੋ)- ਹਿਮਾਚਲ ਪ੍ਰਦੇਸ਼ ਦੇ ਕੁੱਲੂ ਜ਼ਿਲ੍ਹੇ ਵਿੱਚ ਕੱਲ੍ਹ ਸਵੇਰੇ ਇੱਕ ਨਿੱਜੀ ਬੱਸ ਦੇ ਡੂੰਘੀ ਖੱਡ ਵਿੱਚ ਡਿੱਗਣ ਕਾਰਨ 13 ਵਿਅਕਤੀਆਂ ਦੀ ਮੌਤ ਹੋ ਗਈ ਤੇ ਦੋ ਹੋਰ ਜ਼ਖਮੀ ਹੋ ਗਏ। ਮ੍ਰਿਤਕਾਂ ਵਿੱਚ ਕੁਝ ਸਕੂਲੀ ਬੱਚੇ ਵੀ ਦੱਸੇ ਜਾਂਦੇ ਹਨ। ਪਹਿਲਾਂ ਮ੍ਰਿਤਕਾਂ ਦੀ ਗਿਣਤੀ 16 ਦੱਸੀ ਗਈ ਸੀ।

ਇਸ ਬਾਰੇ ਕੁੱਲੂ ਦੇ ਡਿਪਟੀ ਕਮਿਸ਼ਨਰ ਆਸ਼ੂਤੋਸ਼ ਗਰਗ ਨੇ ਦੱਸਿਆ ਕਿ ਸ਼ੈਨਸਰਹ ਤੋਂ ਸੈਂਜ ਜਾਂਦੀ ਬੱਸ ਜਾਂਗਲਾ ਪਿੰਡ ਨੇੜੇ ਇੱਕ ਤਿੱਖੇ ਮੋੜ ਉੱਤੇ ਬੇਕਾਬੂ ਹੋ ਕੇ ਡੂੰਘੀ ਖੱਡ ਵਿੱਚ ਡਿੱਗ ਗਈ। ਜ਼ਿਲ੍ਹਾ ਅਧਿਕਾਰੀਆਂ ਮੁਤਾਬਕ ਰਾਹਤ ਟੀਮਾਂ ਨੇ ਮੌਕੇ ਉੱਤੇ ਪੁੱਜ ਕੇ ਜ਼ਖਮੀਆਂ ਨੂੰ ਕੁੱਲੂ ਦੇ ਹਸਪਤਾਲ ਵਿੱਚ ਦਾਖਲ ਕਰਵਾਇਆ ਹੈ। ਹਾਦਸੇ ਵਿੱਚ ਮਾਰੀ ਗਈ ਇੱਕ ਔਰਤ ਦੇ ਰਿਸ਼ਤੇਦਾਰ ਨੇ ਦੋਸ਼ ਲਾਇਆ ਕਿ ਪ੍ਰਸ਼ਾਸਨ ਵੱਲੋਂ ਜ਼ਖਮੀਆਂ ਨੂੰ ਹਸਪਤਾਲ ਲਿਜਾਣ ਵਿੱਚ ਕਰੀਬ ਤਿੰਨ ਘੰਟੇ ਲੱਗ ਗਏ, ਜੇ ਪ੍ਰਸ਼ਾਸਨ ਨੇ ਤੁਰੰਤ ਕਾਰਵਾਈ ਕੀਤੀ ਹੁੰਦੀ ਤਾਂ ਕੁਝ ਲੋਕਾਂ ਦੀ ਜਾਨ ਬਚ ਸਕਦੀ ਸੀ।

## ਡੋਨਾਲਡ ਟਰੰਪ ਦੇ ਵਿਰੁੱਧ ਕੁਝ ਹੋਰ ਗਵਾਹ ਅੱਗੇ ਆਏ

ਵਾਸ਼ਿੰਗਟਨ, 5 ਜੁਲਾਈ (ਪੋਸਟ ਬਿਊਰੋ)- ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਰਾਜ ਵੇਲੇ ਵ੍ਹਾਈਟ ਹਾਊਸ ਵਿੱਚ ਸਹਿਯੋਗੀ ਰਹੀ ਕੈਸਿਡੀ ਹਚਿੰਸਨ ਦੀ ਪਿਛਲੇ ਹਫਤੇ ਕੈਪੀਟਲ ਹਿੱਲ (ਪਾਰਲੀਮੈਂਟ ਹਾਊਸ) ਦੰਗਿਆਂ ਦੀ ਗਵਾਹੀ ਹੋਣ ਪਿੱਛੋਂ ਜਾਂਚ ਕਮੇਟੀ ਦੇ ਸਾਹਮਣੇ ਕੁਝ ਹੋਰ ਲੋਕਾਂ ਨੇ ਤੱਥਾਂ ਦੇ ਨਾਲ ਬਿਆਨ ਦਰਜ ਕਰਵਾਏ ਹਨ। ਇਸ ਕੇਸ ਦੀ ਜਾਂਚ ਕਰਦੀ ਪਾਰਲੀਮੈਂਟਰੀ ਕਮੇਟੀ ਦੇ ਇੱਕ ਮੈਂਬਰ ਨੇ ਦੱਸਿਆ ਕਿ ਵ੍ਹਾਈਟ ਹਾਊਸ ਦੇ ਸਾਬਕਾ ਵਕੀਲ ਪੈਟ ਸਿਪੋਲੋਨ ਨੂੰ ਸੰਮਨ ਜਾਰੀ ਕੀਤਾ ਗਿਆ ਹੈ ਅਤੇ ਉਮੀਦ ਹੈ ਕਿ ਉਹ ਅਗਲੇ ਬੁੱਧਵਾਰ ਨੂੰ ਆਪਣਾ ਬਿਆਨ ਦਰਜ ਕਰਵਾਉਣਗੇ। ਉਨ੍ਹਾਂ ਕਿਹਾ ਕਿ ਹਿੰਸਾ ਦੇ ਸਮੇਂ ਟਰੰਪ ਨਾਲ ਮੌਜੂਦ ਖੁਫੀਆ ਸੇਵਾ ਨਾਲ ਜੁੜੇ ਲੋਕ ਫਿਰ ਬਿਆਨ ਦੇ ਸਕਦੇ ਹਨ ਅਤੇ ਜਾਂਚ ਕਮੇਟੀ ਉਨ੍ਹਾਂ ਦਾ ਸਵਾਗਤ ਕਰੇਗੀ। ਰਿਪਬਲੀਕਨ ਪਾਰਟੀ ਦੇ ਐਡਮ ਕਿਸਿੰਜਗਰ ਨੇ ਹਚਿੰਸਨ ਦੇ ਬਿਆਨ ਦਾ ਹਵਾਲਾ ਦੇ ਕੇ ਕਿਹਾ ਕਿ ਟਰੰਪ ਛੇ ਜਨਵਰੀ 2021 ਨੂੰ ਕੈਪੀਟਲ ਵੱਲ ਵਧਦੀ ਭੜਕੀ ਭੀੜ ਵਿੱਚ ਸ਼ਾਮਲ ਹੋਣਾ ਚਾਹੁੰਦੇ ਸਨ। ਇਸ ਬਿਆਨ ਨੇ ਹੋਰ ਵੀ ਲੋਕਾਂ ਨੂੰ ਜਾਂਚ ਕਮੇਟੀ ਸਾਹਮਣੇ ਆਪਣੀ ਗੱਲ ਰੱਖਣ ਲਈ ਪ੍ਰੇਰਿਤ ਕੀਤਾ ਹੈ। ਕਮੇਟੀ ਇਸ ਮਹੀਨੇ ਘੱਟੋ ਘੱਟ ਦੋ ਜਨਤਕ ਸੁਣਵਾਈਆਂ ਕਰਨ ਵਾਲੀ ਹੈ। ਉਨ੍ਹਾਂ ਐਤਵਾਰ ਨੂੰ ਕਿਹਾ, 'ਰੋਜ਼ ਨਵੇਂ ਲੋਕ ਸਾਹਮਣੇ ਆਉਂਦੇ ਅਤੇ ਨਵੀਆਂ ਗੱਲਾਂ ਦੱਸਦੇ ਹਨ। ਇਸ ਦੇ ਬਾਅਦ ਕਹਿੰਦੇ ਹਨ ਕਿ ਮੈਨੂੰ ਨਹੀਂ ਲੱਗਦਾ ਕਿ ਇਹਗੱਲ ਅਹਿਮ ਸੀ, ਹੋਰ ਵੀ ਨਵੀਆਂ ਜਾਣਕਾਰੀਆਂ ਸਾਹਮਣੇ ਆਉਣਗੀਆਂ।''

ਕਰੀਬ ਇੱਕ ਸਾਲ ਤੋਂ ਵੱਧ ਸਮੇਂ ਤੋਂ ਕੈਪੀਟਲ ਦੰਗੇ ਦੀ ਜਾਂਚ ਕਰ ਰਹੀ ਪਾਰਲੀਮੈਂਟਰੀ ਕਮੇਟੀ ਨੇ ਬੀਤੇ ਦਿਨਾਂ ਵਿੱਚ ਇਸ ਵਿੱਚ ਤੇਜ਼ੀ ਲਿਆਂਦੀ ਹੈ। ਦੋਸ਼ ਹਨ ਕਿ ਪਿਛਲੇ ਰਾਸ਼ਟਰਪਤੀ ਟਰੰਪ ਸਾਲ 2020 ਦੀਆਂ ਚੋਣਾਂ ਵਿੱਚ ਆਪਣੇ ਵਿਰੋਧੀ ਅਤੇ ਮੌਜੂਦਾ ਰਾਸ਼ਟਰਪਤੀ ਜੋਅ ਬਾਇਡੇਨ ਦੀ ਜਿੱਤ ਨੂੰ ਮੰਨਣ ਲਈ ਤਿਆਰ ਨਹੀਂ ਸਨ ਹੋ ਰਹੇ। ਉਨ੍ਹਾਂ ਉਤੇ ਗਲਤ ਸੂਚਨਾ ਫੈਲਾਉਣ ਦਾ ਵੀ ਦੋਸ਼ ਹੈ, ਜਿਸ ਨਾਲ ਵੱਡੀ ਗਿਣਤੀ ਵਿੱਚ ਲੋਕਾਂ ਨੇ ਕੈਪੀਟਲ ਨੂੰ ਘੇਰ ਲਿਆ ਸੀ।

# ਆਰ ਪੀ ਐਫ ਨੂੰ ਭੀੜ ਕਾਬੂ ਕਰਨ ਦੀ ਸਿਖਲਾਈ ਦਿੱਤੀ ਜਾਵੇਗੀ

ਨਵੀਂ ਦਿੱਲੀ, 5 ਜੁਲਾਈ (ਪੋਸਟ ਬਿਊਰੋ)- ਪਿਛਲੇ ਦਿਨਾਂ ਦੇ ਰੋਸ ਪ੍ਰਦਰਸ਼ਨਾਂ ਦੌਰਾਨ ਭੀੜ ਦੇ ਰੋਹ ਨਾਲ ਹੋਏ ਭਾਰੀ ਨੁਕਸਾਨ ਤੋਂ ਬਾਅਦ ਰੇਲਵੇ ਸੁਰੱਖਿਆ ਫੋਰਸ (ਆਰ ਪੀ ਐਫ) ਨੂੰ ਭੀੜ ਕਾਬੂ ਕਰਨ ਲਈ, ਲੋਕ ਵਿਵਸਥਾ ਪ੍ਰਬੰਧਾਂ ਤੇ ਭੀੜ ਮਨੋਵਿਗਿਆਨ ਵਿੱਚ ਸਿਖਿਅਤ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਲਈ ਮੇਰਠ ਦੇ ਰੈਪਿਡ ਐਕਸ਼ਨ ਫੋਰਸ ਅਕੈਡਮੀ ਫਾਰ ਪਬਲਿਕ ਆਰਡਰ (ਆਰ ਪੀ ਓ) ਨਾਲ ਸੰਪਰਕ ਕੀਤਾ ਗਿਆ ਹੈ। ਇਹ ਪਹਿਲੀ ਵਾਰ ਹੈ ਜਦੋਂ ਰੇਲਵੇ ਸੁਰੱਖਿਆ ਫੋਰਸ ਨੂੰ ਭੀੜ ਨੂੰ ਕਾਬੂ ਕਰਨ ਦੀ ਸਿਖਲਾਈ ਦਿੱਤੀ ਜਾਵੇਗੀ।



ਅਧਿਕਾਰੀਆਂ ਮੁਤਾਬਕ ਇਹ ਇਸ ਲਈ ਕੀਤਾ ਜਾ ਰਿਹਾ ਹੈ ਕਿ ਪਿਛਲੇ ਸਾਲ ਵਿੱਚ ਕਈ ਮੌਕਿਆਂ ਉੱਤੇ ਉਸ ਨੂੰ ਪ੍ਰਦਰਸ਼ਨਕਾਰੀਆਂ ਦੀ ਭੀੜ ਨਾਲ ਨਜਿੱਠਣਾ ਪਿਆ ਸੀ। ਆਰ ਪੀ ਐਫ ਨੂੰ ਰੇਲਵੇ ਦੀ ਜਾਇਦਾਦ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਇਸ ਅਕੈਡਮੀ ਵਿੱਚ ਕੱਲ੍ਹ 182 ਮੁਲਾਜ਼ਮਾਂ ਦੇ ਪਹਿਲੇ ਬੈਚ ਦੀ ਸਿਖਲਾਈ ਸ਼ੁਰੂ ਮੌਕੇ ਇਸ ਸੰਸਥਾ ਦੇ ਇੱਕ ਅਫਸਰ ਨੇ ਕਿਹਾ,"ਆਰ ਏ ਪੀ ਓ ਵਿੱਚ ਅਸੀਂ ਸੂਬਾ ਪੁਲਸ ਅਤੇ ਯੂ ਐਨ ਮਿਸ਼ਨ ਉੱਤੇ ਤੈਨਾਤ ਕੀਤੇ ਗਏ ਬੀ ਐਸ ਐਫ ਜਵਾਨਾਂ ਨੂੰ ਸਿਖਲਾਈ ਦਿੱਤੀ ਹੈ। ਜਿਸ ਸੰਗਠਨ ਤੋਂ ਅਰਜ਼ੀ ਮਿਲੇ, ਅਸੀਂ ਉਸ ਦੇ ਮੁਲਾਜ਼ਮਾਂ ਨੂੰ ਸਿਖਲਾਈ ਦਿੰਦੇ ਹਾਂ। ਸਾਨੂੰ ਰੇਲਵੇ ਨੇ ਅਪੀਲ ਕੀਤੀ ਸੀ ਤੇ ਅਸੀਂ ਉਨ੍ਹਾਂ ਦੇ ਮੁਲਾਜ਼ਮਾਂ ਦੀ ਸਿਖਲਾਈ ਸ਼ੁਰੂ ਕਰ ਦਿੱਤੀ ਹੈ। ਅਸੀਂ ਮੁਲਾਜ਼ਮਾਂ ਨੂੰ ਖਾਸ ਤੌਰ ਉੱਤੇਇਹ ਸਿਖਲਾਈ ਦੇਣ ਦਾ ਖਿਆਲ ਰੱਖਦੇ ਹਾਂ ਕਿ ਲੋਕ ਵਿਵਸਥਾ ਨੂੰ ਕਾਇਮ ਰੱਖਣਾ ਹੈ ਤੇ ਗੈਰ ਮਾਰੂ ਹਥਿਆਰਾਂ ਦੀ ਵਰਤੋਂ ਕੀਤੀ ਜਾਵੇ। ਅਸੀਂ ਸੰਸਾਰਕ ਤੇ ਘਰੇਲੂ ਕੇਸ ਸਟੱਡੀ ਦੀ ਚਰਚਾ ਕਰਦੇ ਹਾਂ ਤੇ ਭੀੜ ਦੇ ਮਨੋਵਿਗਿਆਨ ਦਾ ਵਿਸ਼ਲੇਸ਼ਣ ਵੀ ਕਰਦੇ ਹਾਂ। ਸੰਸਥਾ ਵਿੱਚ ਇਸ ਗੱਲ ਉੱਤੇ ਜ਼ੋਰ ਦਿੱਤਾ ਜਾਂਦਾ ਹੈ ਕਿ ਕਿਵੇਂ ਰੇਲ ਦੇ ਖੇਤਰਾਂ ਵਿੱਚ ਭੀੜ ਨੂੰ ਸੰਭਾਲਣਾ ਹੈ ਤੇ ਨੁਕਸਾਨ ਹੋਣ ਤੋਂ ਰੋਕਣਾ ਹੈ।

# ਲੀਡਰਾਂ, ਅਪਰਾਧੀਆਂ ਅਤੇ ਅਫਸਰਾਂ ਦਾ ਅਪਵਿੱਤਰ ਗੱਠਜੋੜ ਮਿਟਣਾ ਚਾਹੀਦੈ: ਹਾਈ ਕੋਰਟ

ਲਖਨਊ, 5 ਜੁਲਾਈ (ਪੋਸਟ ਬਿਊਰੋ)- ਇਲਾਹਾਬਾਦ ਹਾਈ ਕੋਰਟ ਦੀ ਲਖਨਊ ਬੈਂਚ ਨੇ ਕਿਹਾ ਹੈ ਕਿ ਪਾਰਲੀਮੈਂਟ ਤੇ ਭਾਰਤੀ ਚੋਣ ਕਮਿਸ਼ਨ ਨੂੰ ਰਾਜਨੀਤੀ ਵਿੱਚੋਂ ਅਪਰਾਧੀਆਂ ਨੂੰ ਬਾਹਰ ਕਰਨ ਲਈ ਸਮੁੱਚੇ ਕਦਮ ਚੁੱਕਣੇ ਚਾਹੀਦੇ ਹਨ। ਲੀਡਰਾਂ, ਅਪਰਾਧੀਆਂ ਤੇ ਅਫਸਰਾਂ ਦਾ ਅਪਵਿੱਤਰ ਗੱਠਜੋੜ ਮਿਟਾ ਦੇਣਾ ਚਾਹੀਦਾ ਹੈ। ਕੋਰਟ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਨੂੰ ਇਸ ਦਿਸ਼ਾ ਵਿੱਚ ਲੋੜੀਂਦੇ ਕਦਮ ਚੁੱਕਣ ਨੂੰ ਕਿਹਾ ਹੈ, ਪਰ ਹਾਲੇ ਤਕ ਚੋਣ ਕਮਿਸ਼ਨ ਅਤੇ ਪਾਰਲੀਮੈਂਟ ਨੇ ਅਜਿਹਾ ਕਰਨ ਲਈ ਸਮੂਹਿਕ ਇੱਛਾ ਸ਼ਕਤੀ ਨਹੀਂ ਦਿਖਾਈ।

ਇਹ ਟਿੱਪਣੀ ਜਸਟਿਸ ਦਿਨੇਸ਼ ਕੁਮਾਰ ਸਿੰਘ ਦੀ ਸਿੰਗਲ ਬੈਂਚ ਨੇ ਬਸਪਾ ਦੇਪਾਰਲੀਮੈਂਟ ਮੈਂਬਰ ਅਤੁਲ ਕੁਮਾਰ ਸਿੰਘ ਉਰਫ ਅਤੁਲ ਰਾਏ ਦੀ ਜ਼ਮਾਨਤ ਅਰਜ਼ੀ ਰੱਦ ਕਰਦੇ ਹੋਏ ਕੀਤੀ। ਰਾਏ ਆਪਣੇ ਖਿਲਾਫ ਦਰਜ ਕੇਸ ਨੂੰ ਵਾਪਸ ਕਰਨ ਲਈ ਪੀੜਤਾ ਅਤੇ ਉਸ ਦੇ ਗਵਾਹ ਉੱਤੇ ਨਾਜਾਇਜ਼ ਦਬਾਅ ਬਣਾਉਣ ਦੇ ਦੋਸ਼ ਵਿੱਚ ਜੇਲ੍ਹ ਵਿੱਚ ਬੰਦ ਹੈ। ਉਸ ਦੇ ਦਬਾਅ ਦੇ ਕਾਰਨ ਪੀੜਤਾ ਅਤੇ ਉਸ ਦੇ ਗਵਾਹ ਨੇ ਸੁਪਰੀਮ ਕੋਰਟ ਦੇ ਸਾਹਮਣੇ ਆਤਮਹੱਤਿਆ ਦੀ ਕੋਸ਼ਿਸ਼ ਕੀਤੀ ਸੀ। ਗੰਭੀਰ ਹਾਲਤ ਵਿੱਚ ਦੋਵਾਂ ਨੂੰ ਹਸਪਤਾਲ ਦਾਖਲ ਕਰਾਇਆ ਗਿਆ ਸੀ, ਜਿੱਥੇ ਉਨ੍ਹਾਂ ਦੀ ਮੌਤ ਹੋ ਗਈ ਸੀ। ਇਸ ਕੇਸ ਵਿੱਚ ਲਖਨਊ ਦੇ ਹਜ਼ਰਤਗੰਜ ਥਾਣੇ ਵਿੱਚ ਰਾਏ ਅਤੇ ਸਾਬਕਾ ਆਈ ਪੀ ਐਸ ਅਫਸਰ ਅਮਿਤਾਭ ਠਾਕੁਰ ਉੱਤੇ ਮਾਮਲਾ ਦਰਜ ਕੀਤਾ ਗਿਆ ਸੀ।



ਅਤੁਲ ਰਾਏ ਦੇ ਕੇਸ ਦੀ ਸੁਣਵਾਈ ਦੌਰਾਨ ਕੋਰਟ ਨੇ ਦੇਖਿਆ ਕਿ ਉਸ ਖਿਲਾਫ ਕੁੱਲ 23 ਕੇਸਾਂ ਦਾ ਅਪਰਾਧਕ ਇਤਿਹਾਸ ਹੈ। ਕੋਰਟ ਨੇ ਇਹ ਵੀ ਦੇਖਿਆ ਕਿ 2004 ਦੀ ਲੋਕ ਸਭਾ ਵਿੱਚ 24 ਫੀਸਦੀ, 2009 ਦੀ ਲੋਕ ਸਭਾ ਵਿੱਚ 30 ਫੀਸਦੀ, 2014 ਦੀ ਲੋਕ ਸਭਾ ਵਿੱਚ 34 ਫੀਸਦੀ ਤੇ 2019 ਦੀ ਲੋਕ ਸਭਾ ਵਿੱਚ 43 ਫੀਸਦੀ ਮੈਂਬਰ ਅਪਰਾਧਕ ਅਕਸ ਵਾਲੇ ਹਨ। ਇਸ ਉੱਤੇ ਕੋਰਟ ਨੇ ਕਿਹਾ ਕਿ ਪਾਰਲੀਮੈਂਟ ਦੀ ਜ਼ਿੰਮੇਵਾਰੀ ਹੈ ਕਿ ਅਪਰਾਧਕ ਅਕਸ ਵਾਲੇ ਲੋਕਾਂ ਨੂੰ ਰਾਜਨੀਤੀ ਵਿੱਚ ਆਉਣ ਤੋਂ ਰੋਕੇ ਅਤੇ ਲੋਕਤੰਤਰ ਨੂੰ ਬਚਾਏ।




# 'ਹਿਊਮਨ ਕਲੋਨਿੰਗ' ਫਿਲਮਾਂ ਵਿੱਚ ਚੱਲਦੀ ਹੈ, ਅਸਲ ਜ਼ਿੰਦਗੀ ਵਿੱਚ ਸੰਭਵ ਨਹੀਂ: ਹਾਈ ਕੋਰਟ

ਚੰਡੀਗੜ੍ਹ, 5 ਜੁਲਾਈ (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਨੂੰ ਕਿਸੇ ਭੇਖਧਾਰੀ ਨਾਲ ਬਦਲਣ ਦੀ ਜਾਂਚ ਦੀ ਮੰਗ ਕਰਦੀ ਪਟੀਸ਼ਨ ਰੱਦ ਕਰਦਿਆਂ ਪੰਜਾਬ ਹਰਿਆਣਾ ਹਾਈ ਕੋਰਟ ਨੇ ਟਿੱਪਣੀ ਕੀਤੀ ਹੈ ਕਿ 'ਮਨੁੱਖੀ ਕਲੋਨਿੰਗ' ਫਿਲਮਾਂ ਵਿੱਚ ਚੱਲ ਸਕਦੀ ਹੈ, ਵਿ-ਗਆਨਕ ਪੱਖੋਂ ਅਸਲ ਜ਼ਿੰਦਗੀ ਵਿੱਚ ਅਜਿਹਾ ਸੰਭਵ ਨਹੀਂ ਹੈ।

ਅਦਾਲਤੀ ਬੈਂਚ ਨੇ ਕਿਹਾ ਕਿ ਅਜਿਹੀਆਂ ਪਟੀਸ਼ਨਾਂ ਦਾਖਲ ਕਰਨ ਤੋਂ ਪਹਿਲਾਂ ਸੋਚਿਆ ਜਾਣਾ ਚਾਹੀਦਾ ਹੈ। ਹਾਈ ਕੋਰਟ ਏਨੀ ਸਖਤ ਸੀ ਕਿ ਪਟੀਸ਼ਨਰਾਂ ਨੂੰ ਜੁਰਮਾਨਾ ਵੀ ਲਾਇਆ ਜਾਣ ਲੱਗਾ, ਪਰ ਬਾਅਦ ਵਿੱਚ ਇਸ ਤੋਂ ਛੱਡ ਦਿੱਤਾ ਤੇ ਪਟੀਸ਼ਨ ਰੱਦ ਕਰ ਦਿੱਤੀ। ਡੇਰਾ ਸੱਚਾ ਸੌਦਾ ਦੇ ਕੁਝ ਪ੍ਰੇਮੀਆਂ ਨੇ ਹਨੀਪ੍ਰੀਤਕੌਰ ਉੱਤੇਡੇਰਾ ਮੁਖੀ ਰਾਮ ਰਹੀਮ ਸਿੰਘ ਨੂੰ ਜਾਇਦਾਦ ਲਈ ਅਗਵਾ ਕਰਨ ਦਾ ਦੋਸ਼ ਲਾ ਕੇ ਜਾਂਚ ਦੀ ਮੰਗ ਕੀਤੀ ਅਤੇ ਕਿਹਾ ਸੀ ਕਿ ਇੱਕ ਨਕਲੀ ਡੇਰਾ ਮੁਖੀ ਬਣਾ ਕੇ ਉਸ ਨੂੰ ਜੇਲ੍ਹ ਵਿੱਚ ਭੇਜਣ ਦੀ ਵਿਉਂਤ ਬਣਾਈ ਜਾ ਰਹੀ ਹੈ।ਅਸ਼ੋਕ ਕੁਮਾਰ ਅਤੇ ਕੁਝ ਹੋਰਨਾਂ ਨੇ ਇਸ ਦੀ ਸੀ ਬੀ ਆਈ ਤੋਂ ਜਾਂਚ ਦੀ ਮੰਗ ਕੀਤੀ ਅਤੇ ਕਿਹਾ ਸੀ ਕਿ ਇਹ ਸਭ ਕੁਝ ਸੁਨਾਰੀਆ ਜੇਲ੍ਹ ਦੇ ਅਫਸਰਾਂ ਦੀ ਮਿਲੀਭੁਗਤ ਤੋਂ ਬਿਨਾਂ ਸੰਭਵ ਨਹੀਂ। ਉਨ੍ਹਾਂ ਦੋਸ਼ ਲਾਇਆ ਸੀ ਕਿ ਜਦੋਂ ਤੋਂ ਡੇਰਾ ਮੁਖੀ ਪੈਰੋਲ ਉੱਤੇ ਬਾਹਰਆਇਆ ਹੈ, ਉਦੋਂ ਤੋਂ ਡੇਰਾ ਪ੍ਰੇਮੀਆਂ ਨੇ ਉਸ ਵਿੱਚ ਚੋਖਾ ਬਦਲਾਅ ਵੇਖਿਆ ਹੈ, ਜਿਵੇਂ ਹੱਥ ਪੈਰ, ਉਂਗਲੀਆਂ ਵੱਡੀਆਂ ਲੱਗਣਾ, ਕੱਦ ਵਧਣਾ ਅਤੇ ਅੱਖਾਂ ਬਦਲਣੀਆਂ ਆਦਿ ਅਤੇ ਇਹੀ ਨਹੀਂ ਜੇਲ੍ਹ ਤੋਂ ਬਾਹਰ ਆਇਆ ਡੇਰਾ ਮੁਖੀ ਆਪਣੇ ਮਿੱਤਰਾਂ ਨੂੰ ਵੀ ਨਹੀਂ ਪਛਾਣ ਰਿਹਾ। ਪਟੀਸ਼ਨ ਵਿੱਚ ਦੋਸ਼ ਲਾਇਆ ਗਿਆ ਕਿ ਹਨੀਪ੍ਰੀਤ ਤੇ ਡਾਕਟਰ ਨੈਨ ਨੇ ਜੇਲ੍ਹ ਸਟਾਫ ਦੀ ਮਿਲੀਭੁਗਤ ਨਾਲ ਡੇਰਾ ਮੁਖੀ ਨੂੰ ਅਗਵਾ ਕਰ ਕੇ ਉਦੈਪੁਰ ਰਾਜਸਥਾਨ ਵਿੱਚ ਰੱਖਿਆ ਹੈ ਤੇ ਬਾਗਪਤ ਉਤਰ ਪ੍ਰਦੇਸ਼ ਵਿੱਚ ਨਕਲੀ ਡੇਰਾ ਮੁਖੀ ਹੈ। ਪਟੀਸ਼ਨਰਾਂ ਨੇ ਕਿਹਾ ਕਿ ਅਸਲ ਰਾਮ ਰਹੀਮ ਨੂੰ ਜਾਇਦਾਦ ਦੇ ਲਾਲਚ ਵਿੱਚ ਮਾਰਿਆ ਜਾ ਸਕਦਾ ਹੈ, ਕਿਉਂਕਿ ਅਥਾਹ ਜਾਇਦਾਦ ਵਾਲੇ ਡੇਰੇ ਦੇ ਟਰੱਸਟ ਦਾ ਰਾਮ ਰਹੀਮ ਇਕੱਲਾ ਮਾਲਕ ਹੈ। ਉਨ੍ਹਾਂ ਕਿਹਾ ਕਿ ਕਈ ਗੱਲਾਂ ਤੋਂ ਸ਼ੱਕ ਦੀ ਸੂਈ ਘੁੰਮਦੀ ਹੈ, ਜਿਵੇਂ ਪਹਿਲਾਂ ਰਾਮ ਰਹੀਮ ਆਪਣੀ ਮਾਂ ਦੀ ਬਿਮਾਰੀ ਲਈ ਮੇਦਾਂਤਾ ਆਇਆ ਸੀ, ਉਦੋਂ ਪੰਚਕੂਲਾ ਹਿੰਸਾ ਦੇ ਭਗੌੜੇ ਉਥੇ ਕਿਤੇ ਸਨਅਤੇ ਪੈਰੋਲ ਦੌਰਾਨ ਵੀਡੀਓ ਗਰਾਫੀ ਵੀ ਨਹੀਂ ਹੋਈ ਸੀ ਅਤੇ ਰਾਮ ਰਹੀਮ ਦੀ ਸੁਰੱਖਿਆ ਵਿੱਚ ਸੰਨ੍ਹ ਕਾਰਨ ਇੱਕ ਡੀ ਐਸ ਪੀ ਨੂੰ ਸਸਪੈਂਡ ਕੀਤਾ ਗਿਆ ਸੀ। ਇਸ ਪਟੀਸ਼ਨ ਮੁਤਾਬਕ ਅਪੁਸ਼ਟ ਸੂਤਰਾਂ ਤੋਂ ਖਬਰ ਮਿਲੀ ਹੈ ਕਿ ਭਗੌੜਿਆਂ ਅਭਿਜੀਤ ਤੇ ਆਦਿਤਿਆ ਨੇ ਪਲਾਸਟਿਕ ਸਰਜਰੀ ਕਰਵਾਈ ਹੈ ਤੇ ਉਨ੍ਹਾਂ ਵਿੱਚੋਂ ਕਿਸੇ ਨੂੰ ਨਕਲੀ ਰਾਮ ਰਹੀਮ ਬਣਾਇਆ ਜਾਣਾ ਹੈ। ਇਸ ਤੋਂ ਪਹਿਲਾਂ ਰਾਮ ਰਹੀਮ ਦੀ ਫਿਲਮ ਬਣਾਉਣ ਵੇਲੇ ਵੀ ਨਕਲੀ ਰਾਮ ਰਹੀਮ ਬਣਾਏ ਜਾ ਚੁੱਕੇ ਹਨ। ਇਨ੍ਹਾਂ ਸ਼ੰਕਿਆਂ ਦੀ ਜਾਂਚ ਬਾਰੇ ਹਰਿਆਣਾ ਦੇ ਮੁੱਖ ਮੰਤਰੀ ਨੂੰ ਸ਼ਿਕਾਇਤ ਕੀਤੀ ਸੀ, ਪਰ ਕੋਈ ਕਾਰਵਾਈ ਨਾ ਹੋਣ ਉੱਤੇ ਹਾਈ ਕੋਰਟ ਆਉਣਾ ਪਿਆ ਹੈ, ਲਿਹਾਜ਼ਾ ਸਰਕਾਰ ਨੂੰ ਜਾਂਚ ਦੀ ਹਦਾਇਤ ਕੀਤੀ ਜਾਵੇ ਜਾਂ ਸੀ ਬੀ ਆਈ ਜਾਂਚ ਕਰਵਾਈ ਜਾਵੇ। ਹਾਈ ਕੋਰਟ ਨੇ ਸਖਤ ਜ਼ੁਬਾਨੀ ਟਿੱਪਣੀ ਨਾਲ ਪਟੀਸ਼ਨ ਰੱਦ ਕਰ ਦਿੱਤੀ ਹੈ।




ID MEDIA
GOLD CREW ENTERTAINMENT PROUDLY
PRESENTS
BLUE ROSE
REALTY INC. BROKERAGE
GOLDCREW
RAJVIR JAWANDA
MANPREET TOOR
Rang Punjab de
ਰੰਗ ਪੰਜਾਬ ਦੇ
SCAN HERE
WWW.TICKETMASTER.CA
SATURDAY, JULY 16TH
PARAMOUNT FINE FOODS CENTRE
(5500 ROSE CHERRY PL, MISSISSAUGA, ON, L4Z 4B6)
BALWINDER THIND: 647.273.2025 | GARRY THIND: 416.829.9860
LIVE IN
TORONTO
HOSTED BY MANPREET TOOR
GOLD SPONSORS
JMD EXPRESS
PANKAJ SAPRA 416 722 2385
GOLDY SANDHU 647 802 9345
100 ACRES
JUST-RITE
UNITED PETROLEUM TRANSPORT
SKYDOME GROUP OF COMPANIES
SILVER SPONSORS
AIRPRO Mechanical
cross merge
BVD Group
GULFLINE GROUP LTD
Infinity HVAC Ltd.
mpi print & packaging
WAVE FREIGHT SYSTEMS LTD.
CIC
Ameri-Can SYSTEMS
BRONZE SPONSORS
NEW GEN
Insurance Bazaar
VISIONCRAFTERS
JASS CONSTRUCTION INC
AUTOBAHN
ROYAL CANADIAN PLUMBING INC
JET IMMIGRATION
Capital Hands
ID MEDIA
EMERALD
DIAMOND HOME RENOVATION
TRUSTED TRUCK SALES
Charger Truck Sales
Best Bargain
DALJIT SINGH | KULDEEP JOSAN | DALJEET VIRK | RAMAN THIND | BRINDERPAL THIND




# ਪਾਕਿ ਦੇ ਫੌਜੀ ਅਫਸਰਾਂ ਨੂੰ ਸਿਆਸਤ ਤੋਂ ਦੂਰ ਰਹਿਣ ਦੀ ਹਿਦਾਇਤ

*** ਜਨਰਲ ਬਾਜਵਾ ਨੇ ਹੁਕਮ ਜਾਰੀ ਕੀਤੇ**



ਇਸਲਾਮਾਬਾਦ, 5 ਜੁਲਾਈ (ਪੋਸਟ ਬਿਊਰੋ)- ਪਾਕਿਸਤਾਨੀ ਫੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੇ ਆਪਣੇ ਕਮਾਂਡਰਾਂ ਤੇ ਅਧਿਕਾਰੀਆਂ ਨੂੰ ਨਵੇਂ ਸਿਰਿਓਂ ਹੁਕਮ ਜਾਰੀ ਕੀਤਾ ਹੈ ਕਿ ਉਹ ਸਿਆਸਤ ਤੋਂ ਦੂਰ ਰਹਿਣ। ਉਨ੍ਹਾਂ ਦੇਸ਼ ਦੀ ਖੁਫੀਆ ਏਜੰਸੀ ਆਈ ਐਸ ਆਈ ਦੇ ਅਧਿਕਾਰੀਆਂ ਨੂੰ ਵੀ ਰਾਜਨੀਤੀ ਤੋਂ ਦੂਰ ਰਹਿਣ ਨੂੰ ਕਿਹਾ ਹੈ, ਕਿਉਂਕਿ ਸੱਤਾ ਤੋਂ ਬਾਹਰ ਹੋਈ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪਾਰਟੀ ਦੇ ਆਗੂਆਂ ਨੇ ਦੋਸ਼ ਲਾਏ ਸਨ ਕਿ ਦੇਸ਼ ਦੀ ਖੁਫੀਆ ਏਜੰਸੀ ਦੇ ਕੁਝ ਅਧਿਕਾਰੀ ਪਾਕਿਸਤਾਨ ਦੇ ਪੰਜਾਬ ਸੂਬੇ ਦੀਆਂ ਅਗਲੀਆਂ ਜ਼ਿਮਨੀ ਚੋਣਾਂ ਵਿੱਚ ਹੇਰ ਫੇਰ ਦੇ ਯਤਨ ਕਰ ਰਹੇ ਹਨ। ਪਾਕਿਸਤਾਨੀ ਫੌਜ ਪਹਿਲਾਂ ਵੀ ਕਹਿ ਚੁੱਕੀ ਹੈ ਕਿ ਉਸ ਦਾ ਸਿਆਸਤ ਨਾਲ ਕੋਈ ਲੈਣਾ ਨਹੀਂ ਹੈ ਅਤੇ ਉਹ ਭਵਿੱਖ ਵਿੱਚ ਵੀ ਸਿਆਸਤ ਤੋਂ ਦੂਰ ਹੀ ਰਹੇਗੀ, ਪਰ ਦੋਸ਼ ਲੱਗਣ ਤੋਂ ਹਟ ਨਹੀਂ ਰਹੇ।

ਜਨਰਲ ਬਾਜਵਾ ਨੇ ਇਸ ਮੌਕੇ ਨਾਲ ਹੀ ਕਿਹਾ ਕਿ ਫੌਜੀ ਕਮਾਂਡਰ ਸਿਆਸਤਦਾਨਾਂ ਨੂੰ ਮਿਲਣ ਤੋਂ ਗੁਰੇਜ਼ ਕਰਨ। ਇਮਰਾਨ ਖਾਨ ਦੀ ਅਗਵਾਈ ਵਾਲੀ ਪਾਕਿਸਤਾਨ ਤਹਿਰੀਕ ਏ ਇਨਸਾਫ ਪਾਰਟੀ ਨੇ ਦੋਸ਼ ਲਾਇਆ ਸੀ ਕਿ ਆਈ ਐਸ ਆਈ ਦੇ ਅਧਿਕਾਰੀ ਚੋਣਾਂ ਵਿੱਚ ਪਾਰਟੀ ਦਾ ਨੁਕਸਾਨ ਕਰਨ ਲਈ ਕੰਮ ਕਰ ਰਹੇ ਹਨ। ਉਨ੍ਹਾਂ ਨੇ ਦੋਸ਼ ਲਾਇਆ ਸੀ ਕਿ ਏਜੰਸੀ ਦੇ ਸੈਕਟਰ ਕਮਾਂਡਰ (ਲਾਹੌਰ) ਬ੍ਰਿਗੇਡੀਅਰ ਰਾਸ਼ੀਦ ਚੋਣ ਪ੍ਰਕਿਰਿਆ ਵਿੱਚ ਦਖਲ ਦੇ ਰਹੇ ਹਨ, ਪਰ ਰੱਖਿਆ ਵਿਭਾਗ ਦੇ ਸੂਤਰਾਂ ਨੇ ਦੋਸ਼ ਰੱਦ ਕਰਦਿਆਂ ਕਿਹਾ ਸੀ ਕਿ ਰਾਸ਼ੀਦ ਪਿਛਲੇ ਕਈ ਦਿਨਾਂ ਤੋਂ ਇਸਲਾਮਾਬਾਦ ਵਿੱਚ ਹਨ। ਸਾਬਕਾ ਵਿਦੇਸ਼ ਮੰਤਰੀ ਤੇ ਪੀ ਟੀ ਆਈ ਦੇ ਉਪ ਚੇਅਰਮੈਨ ਸ਼ਾਹ ਮਹਿਮੂਦ ਕੁਰੈਸ਼ੀ ਨੇ ਵੀ ਅਜਿਹੇ ਦੋਸ਼ ਲਾਏ ਸਨ।

